


WEEKLY NEWS PAPER

# ਬੀ ਸੀ ਪੰਜਾਬੀ ਨਿਊਜ਼ ਕੈਨੇਡਾ


BRITISH COLUMBIA : Vancouver, Victoria, Surrey, Nanaimo By: Mangat Media Group




Vol-1 Issue - 08 31 July to 06 August, 2026 Email: bcpunjabinews@gmail.com Website: www.bcpunjabinews.ca Phone: +1 604 750 4259

## ਸਰੀ ਵਿੱਚ ਮੋਤੀ ਜੌਹਲ ਨੇ ਆਟੀਜ਼ਮ ਪੀੜਤ ਬੱਚੇ ਦੀ ਜਾਨ ਬਚਾਈ, ਹਰ ਪਾਸੇ ਹੋ ਰਹੀ ਸ਼ਲਾਘਾ

### ਮੋਤੀ ਜੌਹਲ ਬਣੇ ਫਰਿਸ਼ਤਾ, ਸੂਝ-ਬੂਝ ਨਾਲ ਬੱਚੇ ਨੂੰ ਹਾਦਸੇ ਤੋਂ ਬਚਾਇਆ



**ਸਰੀ (ਮਹੇਸ਼ਇੰਦਰ ਸਿੰਘ ਮਾਂਗਟ)** – ਸਰੀ ਵਿੱਚ ਇੱਕ ਨੇਕਦਿਲ ਵਿਅਕਤੀ ਦੀ ਬਹਾਦਰੀ ਅਤੇ ਸਮੇਂ ਸਿਰ ਕੀਤੀ ਕਾਰਵਾਈ ਦੀ ਹਰ ਪਾਸੇ ਪ੍ਰਸ਼ੰਸਾ ਹੋ ਰਹੀ ਹੈ। ਮੋਤੀ ਜੌਹਲ ਨੇ ਆਪਣੀ ਸੂਝ-ਬੂਝ ਨਾਲ ਇੱਕ ਆਟੀਜ਼ਮ ਪੀੜਤ ਬੱਚੇ ਦੀ ਜਾਨ ਬਚਾਈ, ਜੋ ਬਿਜ਼ੀ ਰੋਡ ‘ਤੇ ਆ ਰਹੇ ਟ੍ਰੈਫਿਕ ਵੱਲ ਤੁਰ ਗਿਆ ਸੀ ਅਤੇ ਹਾਦਸੇ ਦਾ ਸ਼ਿਕਾਰ ਹੋਣ ਤੋਂ ਵਾਲ-ਵਾਲ ਬਚਿਆ।

ਜਾਣਕਾਰੀ ਅਨੁਸਾਰ, ਮੋਤੀ ਜੌਹਲ ਨੇ ਜਦੋਂ ਬੱਚੇ ਨੂੰ ਆਉਂਦੇ ਵਾਹਨਾਂ ਦੇ ਵਿਚਕਾਰ ਜਾਂਦੇ ਦੇਖਿਆ ਤਾਂ ਉਨ੍ਹਾਂ ਨੇ ਤੁਰੰਤ ਆਪਣਾ ਟਰੱਕ ਰੋਕਿਆ ਅਤੇ ਬੱਚੇ ਨੂੰ ਸੁਰੱਖਿਅਤ ਥਾਂ ‘ਤੇ ਲੈ ਆਏ। ਇਸ ਤੋਂ ਬਾਅਦ ਉਨ੍ਹਾਂ ਨੇ ਬੱਚੇ ਨੂੰ ਉਸਦੇ ਪਰਿਵਾਰ ਨਾਲ ਮਿਲਾ ਦਿੱਤਾ।

ਬਾਅਦ ਵਿੱਚ ਪਤਾ ਲੱਗਾ ਕਿ ਬੱਚਾ ਬੋਲਣ ਤੋਂ ਅਸਮਰੱਥ (ਨਾਨ-ਵਰਬਲ) ਸੀ ਅਤੇ ਆਟੀਜ਼ਮ ਦੇ ਨਾਲ-ਨਾਲ ਸੁਣਨ ਤੋਂ ਵੀ ਅਸਮਰੱਥ ਹੈ। ਮੋਤੀ ਜੌਹਲ ਦੀ ਇਸ ਮਨੁੱਖਤਾ ਭਰੀ ਅਤੇ ਬਹਾਦਰੀ ਵਾਲੀ ਕਾਰਵਾਈ ਦੀ ਸੋਸ਼ਲ ਮੀਡੀਆ ਅਤੇ ਭਾਈਚਾਰੇ ਵਿੱਚ ਖੂਬ ਸਰਾਹਨਾ ਕੀਤੀ ਜਾ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਮੇਂ ਸਿਰ ਕੀਤੀ ਮਦਦ ਨੇ ਇੱਕ ਵੱਡਾ ਹਾਦਸਾ ਟਾਲ ਦਿੱਤਾ ਅਤੇ ਇੱਕ ਮਾਸੂਮ ਬੱਚੇ ਦੀ ਜਾਨ ਬਚ ਗਈ।

# ਲਾਰੈਂਸ ਬਿਸ਼ਨੋਈ ਗੈਂਗ ਖ਼ਿਲਾਫ਼ ਕੈਨੇਡਾ-ਅਮਰੀਕਾ ਦਾ ਵੱਡਾ ਐਕਸ਼ਨ: ‘ਆਪਰੇਸ਼ਨ ਹਾਰਡ ਬਾਲ’ ਤਹਿਤ 37 ਵਿਅਕਤੀਆਂ ‘ਤੇ ਦੋਸ

## ਸਰੀ ਦੀ ਮੇਅਰ ਬਰੈਂਡਾ ਲੌਕ ਨੇ ਅਮਰੀਕੀ ਕੌਂਸਲ ਜਨਰਲ ਨਾਲ ਕੀਤੀ ਅਹਿਮ ਮੀਟਿੰਗ, ਐਫ ਬੀ ਆਈ ਦੇ ਸਹਿਯੋਗ ਦੀ ਕੀਤੀ ਸ਼ਲਾਘਾ



**ਸਰੀ, (ਮਹੇਸ਼ਇੰਦਰ ਸਿੰਘ ਮਾਂਗਟ)** ਸਰੀ ਦੀ ਮੇਅਰ ਬਰੈਂਡਾ ਲੌਕ ਨੇ ਪਿਛਲੇ ਹਫ਼ਤੇ ਅਮਰੀਕਾ ਦੇ ਕੌਂਸਲ ਜਨਰਲ ਸ਼ਾਨ ਕ੍ਰੌਲੀ ਅਤੇ ਅਸਿਸਟੈਂਟ ਲੀਗਲ ਅਟੈਸ਼ੇ ਨਾਲ ਇੱਕ ਅਹਿਮ ਮੀਟਿੰਗ ਕੀਤੀ, ਜਿਸ ਦੌਰਾਨ ‘ਆਪਰੇਸ਼ਨ ਹਾਰਡ ਬਾਲ’ ਅਤੇ ਜਬਰਨ ਵਸੂਲੀ (ਐਕਸਟੋਰਸ਼ਨ) ਤੇ ਸੰਗਠਿਤ ਅਪਰਾਧ ਖ਼ਿਲਾਫ਼ ਚੱਲ ਰਹੇ ਸਾਂਝੇ ਯਤਨਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ।

ਮੀਟਿੰਗ ਦੌਰਾਨ ਦੱਸਿਆ ਗਿਆ ਕਿ ਆਪਰੇਸ਼ਨ ਹਾਰਡ ਬਾਲ ਕੈਨੇਡਾ ਅਤੇ ਅਮਰੀਕਾ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਸਾਂਝੇ ਤੌਰ ‘ਤੇ ਚਲਾਈ ਗਈ ਇੱਕ ਮਹੱਤਵਪੂਰਨ ਜਾਂਚ ਹੈ। ਇਸ ਜਾਂਚ ਦੇ ਨਤੀਜੇ ਵਜੋਂ ਹਾਲ ਹੀ ਵਿੱਚ 37 ਵਿਅਕਤੀਆਂ ਖ਼ਿਲਾਫ਼ ਦੋਸ਼ ਤੈਅ ਕੀਤੇ ਗਏ ਹਨ, ਜਿਨ੍ਹਾਂ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਨਾਲ ਕਥਿਤ ਤੌਰ ‘ਤੇ ਜੁੜੇ ਮੈਂਬਰ ਵੀ ਸ਼ਾਮਲ ਹਨ।

ਮੇਅਰ ਬਰੈਂਡਾ ਲੌਕ ਨੇ ਇਸ ਮੌਕੇ ਐਫਬੀਆਈ ਅਤੇ ਹੋਰ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਸੰਗਠਿਤ ਅਪਰਾਧ ਅਤੇ ਜਬਰਨ ਵਸੂਲੀ ਵਿਰੁੱਧ ਨਿਭਾਈ ਗਈ ਅਹਿਮ ਭੂਮਿਕਾ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਸਰਹੱਦ ਪਾਰ ਅਪਰਾਧਿਕ ਗਿਰੋਹਾਂ ਨਾਲ ਨਜਿੱਠਣ ਲਈ ਕੈਨੇਡਾ ਅਤੇ ਅਮਰੀਕਾ ਦਰਮਿਆਨ ਮਜ਼ਬੂਤ ਸਹਿਯੋਗ ਅਤੇ ਜਾਣਕਾਰੀ ਦਾ ਆਦਾਨ-ਪ੍ਰਦਾਨ ਬਹੁਤ ਜ਼ਰੂਰੀ ਹੈ।

ਉਨ੍ਹਾਂ ਨੇ ਵਿਸ਼ਵਾਸ ਜਤਾਇਆ ਕਿ ਦੋਵੇਂ ਦੇਸ਼ਾਂ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦਰਮਿਆਨ ਲਗਾਤਾਰ ਸਹਿਯੋਗ ਅਤੇ ਤਾਲਮੇਲ ਨਾਲ ਸੰਗਠਿਤ ਅਪਰਾਧ ‘ਤੇ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਪਾਇਆ ਜਾ ਸਕੇਗਾ ਅਤੇ ਸਥਾਨਕ ਭਾਈਚਾਰਿਆਂ ਦੀ ਸੁਰੱਖਿਆ ਨੂੰ ਹੋਰ ਮਜ਼ਬੂਤੀ ਮਿਲੇਗੀ।

# ਸਰੀ ਸਿਟੀ ਦੀਆਂ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਅੰਦਾਜ਼ੀ ਦੇ ਦੋਸ਼ਾਂ ਨੇ ਸਿਆਸੀ ਮਾਹੌਲ ਗਰਮਾਇਆ

## ਮੇਅਰ ਅਹੁਦੇ ਦੇ ਉਮੀਦਵਾਰ ਹੋਨਵੀਰ ਰੰਧਾਵਾ ਨੇ ਫੈਡਰਲ ਸਰਕਾਰ ਨੂੰ ਤੁਰੰਤ ਦਖ਼ਲ ਦੇਣ ਦੀ ਅਪੀਲ ਕੀਤੀ




**ਸਰੀ, 30 ਜੁਲਾਈ (ਹਰਦਮ ਮਾਨ)**-ਸਰੀ ਦੀਆਂ ਨਗਰ ਨਿਗਮ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਅੰਦਾਜ਼ੀ ਦੇ ਉੱਠੇ ਦੋਸ਼ਾਂ ਨੇ ਸਿਆਸੀ ਮਾਹੌਲ ਨੂੰ ਹੋਰ ਗਰਮਾ ਦਿੱਤਾ ਹੈ। ਮੇਅਰ ਅਹੁਦੇ ਦੇ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਫੈਡਰਲ ਸਰਕਾਰ ਨੂੰ ਤੁਰੰਤ ਦਖ਼ਲ ਦੇਣ ਦੀ ਅਪੀਲ ਕਰਦਿਆਂ ਲੋਕ ਸੁਰੱਖਿਆ ਮੰਤਰੀ ਗੈਰੀ ਆਨੰਦਸੰਗਰੀ ਅਤੇ ਵਿਦੇਸ਼ ਮੰਤਰੀ ਅਨੀਤਾ ਆਨੰਦ ਨੂੰ ਇਸ ਮਾਮਲੇ ਦੀ ਸੁਤੰਤਰ ਅਤੇ ਨਿਰਪੱਖ ਜਾਂਚ ਕਰਵਾਉਣ ਲਈ ਕਿਹਾ ਹੈ।

30 ਜੁਲਾਈ ਨੂੰ ਦੋਵਾਂ ਮੰਤਰੀਆਂ ਨੂੰ ਭੇਜੇ ਪੱਤਰ ਵਿੱਚ ਸ. ਰੰਧਾਵਾ ਨੇ ਲੋਕ ਸੁਰੱਖਿਆ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਦੇਰੀ ਸਰੀ ਦਾ ਦੌਰਾ ਕਰਨ ਅਤੇ ਵਿਦੇਸ਼ੀ ਚੋਣ ਦਖ਼ਲਅੰਦਾਜ਼ੀ ਅਤੇ ਕੈਨੇਡਾ ਦੇ ਲੋਕਤੰਤਰ ਨੂੰ ਦਰਪੇਸ਼ ਸਰਹੱਦ-ਪਾਰ ਖ਼ਤਰਿਆਂ ਬਾਰੇ ਜਨਤਕ ਟਾਊਨ ਹਾਲ ਮੀਟਿੰਗ ਵਿੱਚ ਹਿੱਸਾ ਲੈਣ। ਉਨ੍ਹਾਂ ਕਿਹਾ ਕਿ ਸਰੀ ਦੀ ਨਗਰ ਨਿਗਮ ਚੋਣ ਨਾਲ ਜੁੜੇ ਹਾਲੀਆ ਦੋਸ਼ਾਂ ਕਾਰਨ ਲੋਕਾਂ ਵਿੱਚ ਚਿੰਤਾ ਹੈ ਅਤੇ ਅਜਿਹੇ ਸਮੇਂ ਮੰਤਰੀ ਦੀ ਮੌਜੂਦਗੀ ਲੋਕਾਂ ਦਾ ਭਰੋਸਾ ਬਹਾਲ ਕਰਨ ਲਈ ਬਹੁਤ ਜ਼ਰੂਰੀ ਹੈ।

ਸ. ਰੰਧਾਵਾ, ਜੋ 17 ਅਕਤੂਬਰ ਨੂੰ ਹੋਣ ਵਾਲੀਆਂ ਨਗਰ ਨਿਗਮ ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਆਫ਼ ਸਰੀ ਦੀ ਅਗਵਾਈ ਕਰ ਰਹੇ ਹਨ, ਨੇ ਇਹ ਮੰਗ ਉਸ ਵੇਲੇ ਕੀਤੀ ਹੈ ਜਦੋਂ 28 ਜੁਲਾਈ ਨੂੰ ਸੇਫ਼ ਸਰੀ ਕੋਆਲਿਸ਼ਨ ਦੇ ਮੇਅਰ ਅਹੁਦੇ ਦੇ ਉਮੀਦਵਾਰ ਡੱਗ ਮੈਕੱਲਮ ਨੇ ਚੋਣਾਂ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਦਾ ਮੁੱਦਾ ਉਠਾਇਆ ਸੀ। ਆਪਣੇ ਪੱਤਰ ਵਿੱਚ ਸ. ਰੰਧਾਵਾ ਨੇ ਕਿਹਾ ਕਿ ਹਾਲੀਆ ਰਿਪੋਰਟਾਂ ਵਿੱਚ ਇਹ ਗੰਭੀਰ ਦੋਸ਼ ਸਾਹਮਣੇ ਆਏ ਹਨ ਕਿ ਘੱਟੋ-ਘੱਟ ਛੇ ਫੇਸਬੁੱਕ ਪੰਨੇ, ਜੋ ਆਪਣੇ ਆਪ ਨੂੰ ਸਥਾਨਕ ਖ਼ਬਰੀ ਸਰੋਤ ਵਜੋਂ ਪੇਸ਼ ਕਰਦੇ ਹਨ, ਸੰਭਵ ਹੈ ਕਿ ਭਾਰਤ ਤੋਂ ਚਲਾਏ ਅਤੇ ਵਿੱਤੀ ਸਹਾਇਤਾ ਪ੍ਰਾਪਤ ਕਰ ਰਹੇ ਹੋਣ। ਉਨ੍ਹਾਂ ਦਾਅਵਾ ਕੀਤਾ ਕਿ ਇਹ ਪੰਨੇ ਸਰੀ, ਡੈਲਟਾ ਅਤੇ ਵੈਨਕੂਵਰ ਦੇ ਵੋਟਰਾਂ ਨੂੰ ਨਿਸ਼ਾਨਾ ਬਣਾ ਕੇ ਇਸ਼ਤਿਹਾਰ ਵੀ ਚਲਾ ਰਹੇ ਹਨ।

ਹਾਲਾਂਕਿ ਸ. ਰੰਧਾਵਾ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਇਨ੍ਹਾਂ ਦੋਸ਼ਾਂ ਨੂੰ ਪੱਕੇ ਤੱਥ ਵਜੋਂ ਪੇਸ਼ ਨਹੀਂ ਕਰ ਰਹੇ ਅਤੇ ਨਾ ਹੀ ਲੋਕਾਂ ਨੂੰ ਬਿਨਾਂ ਸਬੂਤ ਇਨ੍ਹਾਂ ‘ਤੇ ਵਿਸ਼ਵਾਸ ਕਰਨ ਲਈ ਕਹਿ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਪਵਿੱਤਰਤਾ ਅਤੇ ਜਨਤਾ ਦੇ ਭਰੋਸੇ ਨੂੰ ਕਾਇਮ ਰੱਖਣ ਲਈ ਇਨ੍ਹਾਂ ਦੋਸ਼ਾਂ ਦੀ ਤੁਰੰਤ, ਸੁਤੰਤਰ ਅਤੇ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਸਰੀ ਦੇ ਵਸਨੀਕਾਂ ਨੂੰ ਸੱਚਾਈ ਦਾ ਪਤਾ ਲੱਗ ਸਕੇ।

ਹੋਨਵੀਰ ਸਿੰਘ ਰੰਧਾਵਾ ਨੇ ਲੋਕ ਸੁਰੱਖਿਆ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਕਿ ਸਰਕਾਰ ਭਾਈਚਾਰਕ ਆਗੂਆਂ, ਚੋਣ ਉਮੀਦਵਾਰਾਂ, ਸਮਾਜਿਕ ਕਾਰਕੁਨਾਂ ਅਤੇ ਧਾਰਮਿਕ ਸੰਸਥਾਵਾਂ ਦੀ ਸੁਰੱਖਿਆ ਲਈ ਤੁਰੰਤ ਅਤੇ ਅਗਾਊਂ ਕਦਮ ਚੁੱਕਣ ਦਾ ਐਲਾਨ ਕਰੇ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਧਮਕੀ ਜਾਂ ਡਰ ਦੇ ਮਾਹੌਲ ਨੂੰ ਰੋਕਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਇਸ ਲਈ ਪ੍ਰਭਾਵਿਤ ਵਰਗਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

# ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਦੇ ਮਹੀਨਾਵਾਰ ਕਵੀ ਦਰਬਾਰ ਵਿੱਚ ਸਾਹਿਤ ਦੀ ਮਹਿਕ, ਕਵੀਆਂ ਨੇ ਰਚਨਾਵਾਂ ਨਾਲ ਮੋਹਿਆ ਮਨ



**ਸਰੀ, (ਮਹੇਸ਼ਇੰਦਰ ਸਿੰਘ ਮਾਂਗਟ)** – ਇੰਡੋ ਕੈਨੇਡੀਅਨ ਸੀਨੀਅਰ ਸੈਂਟਰ, ਸਰੀ-ਡੈਲਟਾ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਮਹੀਨਾਵਾਰ ਕਵੀ ਦਰਬਾਰ ਦਾ ਸਫਲ ਆਯੋਜਨ ਕੀਤਾ ਗਿਆ। ਸੈਂਟਰ ਦੇ ਉਪਰਲੇ ਹਾਲ ਵਿੱਚ ਕਰਵਾਏ ਗਏ ਇਸ ਸਾਹਿਤਕ ਸਮਾਗਮ ਦੀ ਪ੍ਰਧਾਨਗੀ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਕੀਤੀ।

ਕਵੀ ਦਰਬਾਰ ਦੌਰਾਨ ਸਥਾਨਕ ਕਵੀਆਂ ਨੇ ਸਮਾਜਿਕ ਸਰੋਕਾਰਾਂ, ਪ੍ਰਵਾਸੀ ਜੀਵਨ ਦੇ ਤਜਰਬਿਆਂ, ਮਨੁੱਖੀ ਕਦਰਾਂ-ਕੀਮਤਾਂ ਅਤੇ ਮੌਜੂਦਾ ਸਮੇਂ ਦੇ ਵੱਖ-ਵੱਖ ਮੁੱਦਿਆਂ ਨੂੰ ਆਪਣੀਆਂ ਕਵਿਤਾਵਾਂ, ਗੀਤਾਂ ਅਤੇ ਸਾਹਿਤਕ ਰਚਨਾਵਾਂ ਰਾਹੀਂ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਹਾਜ਼ਰ ਸਰੋਤਿਆਂ ਨੇ ਹਰ ਪੇਸ਼ਕਾਰੀ ਨੂੰ ਭਰਪੂਰ ਹੁੰਗਾਰਾ ਦਿੰਦਿਆਂ ਕਵੀਆਂ ਦੀ ਹੌਸਲਾ-ਅਫ਼ਜ਼ਾਈ ਕੀਤੀ।

ਇਸ ਕਵੀ ਦਰਬਾਰ ਵਿੱਚ ਸੁਰਜੀਤ ਸਿੰਘ ਗਿੱਲ, ਦਰਸ਼ਨ ਸਿੰਘ ਅਟਵਾਲ, ਦਵਿੰਦਰ ਕੌਰ ਜੌਹਲ, ਅਮਰਜੀਤ ਕੌਰ, ਮਨਜੀਤ ਸਿੰਘ ਮੱਲ੍ਹਾ, ਗੁਰਦਰਸ਼ਨ ਸਿੰਘ ਤਤਲਾ, ਗੁਰਚਰਨ ਸਿੰਘ ਬਰਾੜ, ਗੁਰਮੀਤ ਸਿੰਘ ਕਾਲਕਟ, ਬਲਬੀਰ ਸਿੰਘ ਸੰਘਾ, ਹਰਚੰਦ ਸਿੰਘ ਗਿੱਲ, ਸਵਰਨਜੀਤ ਸਿੰਘ ਸੰਧੂ, ਪਵਨ ਭਾਮੀਆ, ਇੰਦਰਜੀਤ ਕੌਰ ਸੰਧੂ, ਮਲੂਕ ਚੰਦ ਕਲੇਰ, ਸੁਖਪ੍ਰੀਤ, ਠਾਣਾ ਸਿੰਘ ਖੋਸਾ, ਅਮਰਜੀਤ ਕੌਰ ਚਾਹਲ, ਸਰਬਜੀਤ ਔਖਲਾ, ਹਰਚਰਨ ਸਿੰਘ ਸੰਧੂ, ਜਗਜੀਤ ਸਿੰਘ ਸੇਖੋਂ ਅਤੇ ਬੇਅੰਤ ਸਿੰਘ ਢਿੱਲੋਂ ਸਮੇਤ ਹੋਰ ਕਈ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਸਮਾਗਮ ਨੂੰ ਯਾਦਗਾਰ ਬਣਾਇਆ। ਸਮਾਗਮ ਦਾ ਸੰਚਾਲਨ ਹਰਚੰਦ ਸਿੰਘ ਗਿੱਲ ਨੇ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।

ਇਸ ਮੌਕੇ ਸਾਬਕਾ ਲੇਬਰ ਮੰਤਰੀ ਹੈਰੀ ਬੈਂਸ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਪ੍ਰਵਾਸ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਸਾਂਭਣ ਅਤੇ ਨਵੀਂ ਪੀੜ੍ਹੀ ਨਾਲ ਜੋੜਨ ਲਈ ਅਜਿਹੇ ਸਾਹਿਤਕ ਮੰਚ ਬੇਹੱਦ ਅਹਿਮ ਹਨ। ਉਨ੍ਹਾਂ ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਵੱਲੋਂ ਕੀਤੇ ਜਾ ਰਹੇ ਸਾਹਿਤਕ ਅਤੇ ਸੱਭਿਆਚਾਰਕ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ।

ਸਮਾਗਮ ਦੇ ਅੰਤ ਵਿੱਚ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ, ਸਮੂਹ ਕਵੀਆਂ ਅਤੇ ਵੱਡੀ ਗਿਣਤੀ ਵਿੱਚ ਪਹੁੰਚੇ ਸਰੋਤਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮਹੀਨਾਵਾਰ ਕਵੀ ਦਰਬਾਰ ਹੁਣ ਸੈਂਟਰ ਦੀ ਇੱਕ ਮਹੱਤਵਪੂਰਨ ਸਾਹਿਤਕ ਪਰੰਪਰਾ ਬਣ ਚੁੱਕਾ ਹੈ, ਜੋ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਨਿਰੰਤਰ ਸੇਵਾ ਕਰਦਿਆਂ ਰਚਨਾਕਾਰਾਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਲਈ ਇੱਕ ਸਾਰਥਕ ਮੰਚ ਪ੍ਰਦਾਨ ਕਰ ਰਿਹਾ ਹੈ।

# ਸਰੀ ਵਿੱਚ ਮੁੜ ਸ਼ੁਰੂ ਹੋ ਰਹੀ ਹੈ ਪ੍ਰਸਿੱਧ $20 ਰੁੱਖ ਸੇਲ, 18 ਅਗਸਤ ਤੋਂ ਆਨਲਾਈਨ ਬੁਕਿੰਗ

## ਹਰ ਵਿਕਰੀ ਵਿੱਚ 1,000 ਰੁੱਖ ਹੋਣਗੇ ਉਪਲਬਧ, ਇੱਕ ਪਰਿਵਾਰ ਵੱਧ ਤੋਂ ਵੱਧ ਦੋ ਰੁੱਖ ਹੀ ਖਰੀਦ ਸਕੇਗਾ



**ਸਰੀ (ਬੀਸੀ ਪੰਜਾਬੀ ਨਿਊਜ਼)** ਸਰੀ ਸਿਟੀ ਦੀ ਬਹੁਤ ਹੀ ਪ੍ਰਸਿੱਧ 20 ਡਾਲਰ ਰੁੱਖ ਸੇਲ ਇਸ ਗਰਮੀਆਂ ਦੇ ਸੀਜ਼ਨ ਵਿੱਚ ਮੁੜ ਸ਼ੁਰੂ ਹੋ ਰਹੀ ਹੈ। ਇਸ ਪਹਿਲਕਦਮੀ ਦਾ ਉਦੇਸ਼ ਨਿਵਾਸੀਆਂ ਨੂੰ ਆਪਣੀਆਂ ਜਾਇਦਾਦਾਂ ‘ਤੇ ਕਿਫ਼ਾਇਤੀ ਕੀਮਤ ‘ਤੇ ਰੁੱਖ ਲਗਾਉਣ ਦਾ ਮੌਕਾ ਦੇਣਾ ਅਤੇ ਸਰੀ ਦੇ ਸ਼ਹਿਰੀ ਜੰਗਲ (ਰਬਓਨ ਫੋਰੇਸਟ) ਨੂੰ ਹੋਰ ਮਜ਼ਬੂਤ ਬਣਾਉਣਾ ਹੈ।

ਪਹਿਲੀ ਆਨਲਾਈਨ ਵਿਕਰੀ 18 ਅਗਸਤ ਸਵੇਰੇ 9 ਵਜੇ ਸ਼ੁਰੂ ਹੋਵੇਗੀ, ਜਦਕਿ ਖਰੀਦੇ ਗਏ ਰੁੱਖਾਂ ਦੀ ਪਿਕਅੱਪ 13 ਸਤੰਬਰ ਨੂੰ ਸਰੀ ਓਪਰੇਸ਼ਨ ਸੈਂਟਰ ਤੋਂ ਕੀਤੀ ਜਾ ਸਕੇਗੀ। ਦੂਜੀ ਵਿਕਰੀ 29 ਸਤੰਬਰ ਤੋਂ ਸ਼ੁਰੂ ਹੋਵੇਗੀ ਅਤੇ ਇਸ ਦੀ ਪਿਕਅੱਪ 25 ਅਕਤੂਬਰ ਨੂੰ ਹੋਵੇਗੀ।

ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਅੱਜ ਲਗਾਏ ਜਾਣ ਵਾਲੇ ਰੁੱਖ ਆਉਣ ਵਾਲੀਆਂ ਪੀੜ੍ਹੀਆਂ ਲਈ ਸਰੀ ਨੂੰ ਲਾਭ ਪਹੁੰਚਾਉਣਗੇ। ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਹੁਣ ਤੱਕ 25,000 ਤੋਂ ਵੱਧ ਰੁੱਖ ਨਿਵਾਸੀਆਂ ਵੱਲੋਂ ਖਰੀਦੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਕਿਫ਼ਾਇਤੀ ਯੋਜਨਾ ਲੋਕਾਂ ਨੂੰ ਆਪਣੇ ਘਰਾਂ ਦੀ ਸੁੰਦਰਤਾ ਵਧਾਉਣ ਦੇ ਨਾਲ-ਨਾਲ ਇੱਕ ਹਰਿਆ-ਭਰਿਆ, ਸਿਹਤਮੰਦ ਅਤੇ ਵਾਤਾਵਰਣ ਪੱਖੋਂ ਮਜ਼ਬੂਤ ਸ਼ਹਿਰ ਬਣਾਉਣ ਵਿੱਚ ਵੀ ਯੋਗਦਾਨ ਪਾਉਣ ਦਾ ਮੌਕਾ ਦਿੰਦੀ ਹੈ।

ਹਰ ਵਿਕਰੀ ਦੌਰਾਨ 1,000 ਰੁੱਖ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ ‘ਤੇ ਉਪਲਬਧ ਕਰਵਾਏ ਜਾਣਗੇ। ਵੱਧ ਤੋਂ ਵੱਧ ਪਰਿਵਾਰਾਂ ਨੂੰ ਇਸ ਯੋਜਨਾ ਦਾ ਲਾਭ ਮਿਲ ਸਕੇ, ਇਸ ਲਈ ਹਰ ਪਰਿਵਾਰ ਨੂੰ ਇੱਕ ਵਿਕਰੀ ਦੌਰਾਨ ਵੱਧ ਤੋਂ ਵੱਧ ਦੋ ਰੁੱਖ ਖਰੀਦਣ ਦੀ ਆਗਿਆ ਹੋਵੇਗੀ।

ਸਰੀ ਦੇ ਸ਼ਹਿਰੀ ਜੰਗਲਾਤ ਪ੍ਰਬੰਧਕ ਰੌਬ ਲੈਂਡੂਚੀ ਨੇ ਕਿਹਾ ਕਿ ਪਤਝੜ ਦਾ ਮੌਸਮ ਰੁੱਖ ਲਗਾਉਣ ਲਈ ਸਭ ਤੋਂ ਉਚਿਤ ਸਮਾਂ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਸਰੀ ਦੇ ਦਰਖਤਾਂ ਦੀ ਛਾਂ ਦਾ ਅੱਧ ਤੋਂ ਵੱਧ ਹਿੱਸਾ ਨਿੱਜੀ ਜਾਇਦਾਦਾਂ ‘ਤੇ ਸਥਿਤ ਹੈ, ਇਸ ਲਈ ਘਰ ਮਾਲਕਾਂ ਦੀ ਭਾਗੀਦਾਰੀ ਸ਼ਹਿਰ ਦੇ ਸ਼ਹਿਰੀ ਜੰਗਲ ਨੂੰ ਸੁਰੱਖਿਅਤ ਅਤੇ ਵਿਸਥਾਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਸਾਲ ਨਿਵਾਸੀ ਫਲਦਾਰ ਅਤੇ ਸਜਾਵਟੀ ਰੁੱਖਾਂ ਦੀਆਂ ਕਈ ਕਿਸਮਾਂ ਵਿੱਚੋਂ ਆਪਣੀ ਪਸੰਦ ਦੇ ਰੁੱਖ ਚੁਣ ਸਕਣਗੇ। ਇਨ੍ਹਾਂ ਵਿੱਚ ਸੇਬ, ਚੈਰੀ, ਪਲੱਮ, ਡੌਗਵੁੱਡ, ਮੈਪਲ ਅਤੇ ਮੈਗਨੋਲੀਆ ਦੇ ਪੌਦੇ ਸ਼ਾਮਲ ਹਨ। ਸਿਟੀ ਵੱਲੋਂ ਉਪਲਬਧ ਕਰਵਾਏ ਗਏ ਰੁੱਖਾਂ ਦੀ ਚੋਣ ਸਥਾਨਕ ਮੌਸਮ, ਨਿਵਾਸੀਆਂ ਦੀ ਪਸੰਦ ਅਤੇ ਜੈਵਿਕ ਵਿਭਿੰਨਤਾ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ ਹੈ।
















# 2026 ਬੀਸੀ ਸਮਰ ਗੇਮਜ਼ 'ਚ ਪੰਜਾਬੀ ਨੌਜਵਾਨ ਖਿਡਾਰੀਆਂ ਨੇ ਛੱਡੀ ਛਾਪ, ਐਮ ਐਲ ਏ ਸੁਨੀਤਾ ਧੀਰ ਨੇ ਵਧਾਇਆ ਹੌਸਲਾ

## ਕੈਲੋਨਾ ਵਿੱਚ 3,000 ਤੋਂ ਵੱਧ ਖਿਡਾਰੀਆਂ ਦੀ ਸ਼ਮੂਲੀਅਤ; ਕੁਸ਼ਤੀ ਸਮੇਤ ਕਈ ਖੇਡਾਂ ਵਿੱਚ ਪੰਜਾਬੀ ਮੂਲ ਦੇ ਖਿਡਾਰੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ







**ਕੈਲੋਨਾ ( ਮਹੇਸ਼ਇੰਦਰ ਸਿੰਘ ਮਾਂਗਟ.)** ਵੈਨਕੂਵਰ-ਲੰਗਾਰਾ ਤੋਂ ਵਿਧਾਇਕ (ਐਮ ਐਲ ਏ) ਸੁਨੀਤਾ ਧੀਰ ਨੇ ਕੈਲੋਨਾ ਵਿਖੇ ਆਯੋਜਿਤ 2026 ਬੀਸੀ ਸਮਰ ਗੇਮਜ਼ ਵਿੱਚ ਸ਼ਿਰਕਤ ਕਰਦਿਆਂ ਬ੍ਰਿਟਿਸ਼ ਕੋਲੰਬੀਆ ਦੇ ਨੌਜਵਾਨ ਖਿਡਾਰੀਆਂ ਦੀ ਪ੍ਰਤਿਭਾ, ਮਿਹਨਤ ਅਤੇ ਖੇਡ ਭਾਵਨਾ ਦੀ ਭਰਪੂਰ ਸਰਾਹਨਾ ਕੀਤੀ।

ਇਨ੍ਹਾਂ ਖੇਡਾਂ ਵਿੱਚ ਸੂਬੇ ਭਰ ਤੋਂ 3,000 ਤੋਂ ਵੱਧ ਖਿਡਾਰੀ, ਕੋਚ ਅਤੇ ਅਧਿਕਾਰੀ ਸ਼ਾਮਲ ਹੋਏ, ਜਿਨ੍ਹਾਂ ਨੇ ਕੁੱਲ 19 ਵੱਖ-ਵੱਖ ਖੇਡਾਂ ਵਿੱਚ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿੱਚ ਕੁਸ਼ਤੀ, ਤੈਰਾਕੀ, ਐਥਲੈਟਿਕਸ, ਬਾਸਕੇਟਬਾਲ, ਰਗਬੀ, ਟ੍ਰਾਇਥਲਾਨ, ਵਾਲੀਬਾਲ, ਬੇਸਬਾਲ, ਰੋਇੰਗ, ਕੈਨੋ/ਕਾਇਕ, ਗੋਲਫ ਅਤੇ ਲੈਕਰਾਸ ਵਰਗੀਆਂ ਖੇਡਾਂ ਸ਼ਾਮਲ ਸਨ।

ਐਮ ਐਲ ਏ ਸੁਨੀਤਾ ਧੀਰ ਨੇ ਕਿਹਾ ਕਿ ਉਨ੍ਹਾਂ ਲਈ ਸਭ ਤੋਂ ਮਾਣ ਵਾਲਾ ਪਲ ਉਹ ਸੀ ਜਦੋਂ ਵੈਨਕੂਵਰ, ਸਰੀ ਅਤੇ ਲੋਅਰ ਮੇਨਲੈਂਡ ਦੇ ਹੋਰ ਇਲਾਕਿਆਂ ਤੋਂ ਆਏ ਖਿਡਾਰੀਆਂ, ਖ਼ਾਸ ਕਰਕੇ ਪੰਜਾਬੀ ਭਾਈਚਾਰੇ ਨਾਲ ਸੰਬੰਧਿਤ ਨੌਜਵਾਨਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੀ ਵੱਖਰੀ ਪਹਿਚਾਣ ਬਣਾਈ। ਉਨ੍ਹਾਂ ਦੱਸਿਆ ਕਿ ਪੰਜਾਬੀ ਖਿਡਾਰੀਆਂ ਨੇ ਖ਼ਾਸ ਤੌਰ 'ਤੇ ਕੁਸ਼ਤੀ ਵਿੱਚ ਆਪਣੀ ਰਵਾਇਤੀ ਬੜ੍ਹਤ ਨੂੰ ਕਾਇਮ ਰੱਖਿਆ, ਜਦਕਿ ਹੋਰ ਕਈ ਖੇਡਾਂ ਵਿੱਚ ਵੀ ਉਨ੍ਹਾਂ ਨੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ।

ਖੇਡਾਂ ਦੌਰਾਨ ਸੁਨੀਤਾ ਧੀਰ ਨੇ ਹੋਰ ਵਿਧਾਇਕਾਂ ਦੇ ਨਾਲ ਮਿਲ ਕੇ ਕੈਲੋਨਾ ਦੇ ਮੇਅਰ ਟੌਮ ਡਾਇਅਸ ਨੂੰ ਸੂਬਾਈ ਪ੍ਰੋਕਲੇਮੇਸ਼ਨ (ਘੋਸ਼ਣਾ ਪੱਤਰ) ਭੇਟ ਕੀਤਾ, ਜਿਸ ਰਾਹੀਂ ਕੈਲੋਨਾ ਵੱਲੋਂ 2026 ਬੀਸੀ ਸਮਰ ਗੇਮਜ਼ ਦੀ ਸਫਲ ਮੇਜ਼ਬਾਨੀ ਅਤੇ ਖੇਡਾਂ ਤੇ ਸਿਹਤਮੰਦ ਸਮਾਜ ਪ੍ਰਤੀ ਸ਼ਹਿਰ ਦੀ ਵਚਨਬੱਧਤਾ ਨੂੰ ਸਨਮਾਨਿਤ ਕੀਤਾ ਗਿਆ।

ਇਸ ਤੋਂ ਇਲਾਵਾ, ਉਹ ਉਦਘਾਟਨੀ ਸਮਾਰੋਹ ਵਿੱਚ ਵੀ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਤੈਰਾਕੀ, ਟ੍ਰਾਇਥਲਾਨ ਅਤੇ ਮਹਿਲਾ ਰਗਬੀ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਨੂੰ ਤਮਗੇ ਭੇਟ ਕਰਨ ਦਾ ਵੀ ਮਾਣ ਪ੍ਰਾਪਤ ਹੋਇਆ।

ਸੁਨੀਤਾ ਧੀਰ ਨੇ ਕਿਹਾ, "ਇਨ੍ਹਾਂ ਖੇਡਾਂ ਵਿੱਚ ਨੌਜਵਾਨ ਖਿਡਾਰੀਆਂ ਦਾ ਜਜ਼ਬਾ, ਦ੍ਰਿੜ੍ਹ ਇਰਾਦਾ ਅਤੇ ਖੇਡ ਭਾਵਨਾ ਦੇਖ ਕੇ ਬੇਹੱਦ ਖੁਸ਼ੀ ਹੋਈ। ਖ਼ਾਸ ਕਰਕੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਨੌਜਵਾਨਾਂ ਨੂੰ ਆਪਣੇ ਸ਼ਹਿਰਾਂ ਦੀ ਨੁਮਾਇੰਦਗੀ ਕਰਦੇ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਦੇਖਣਾ ਮਾਣ ਵਾਲੀ ਗੱਲ ਹੈ। ਉਨ੍ਹਾਂ ਦੀਆਂ ਕਾਮਯਾਬੀਆਂ ਉਨ੍ਹਾਂ ਦੀ ਮਿਹਨਤ, ਕੋਚਾਂ ਦੀ ਸਮਰਪਿਤ ਸਿਖਲਾਈ ਅਤੇ ਪਰਿਵਾਰਾਂ ਦੇ ਅਟੁੱਟ ਸਹਿਯੋਗ ਦਾ ਨਤੀਜਾ ਹਨ।"

ਅੰਤ ਵਿੱਚ ਐਮਐਲਏ ਸੁਨੀਤਾ ਧੀਰ ਨੇ ਸਾਰੇ ਖਿਡਾਰੀਆਂ, ਕੋਚਾਂ, ਵਾਲੰਟੀਅਰਾਂ ਅਤੇ ਪ੍ਰਬੰਧਕਾਂ ਨੂੰ 2026 ਬੀਸੀ ਸਮਰ ਗੇਮਜ਼ ਦੀ ਸਫਲਤਾ ਲਈ ਵਧਾਈ ਦਿੱਤੀ ਅਤੇ ਕੈਲੋਨਾ ਸ਼ਹਿਰ ਵੱਲੋਂ ਦਿੱਤੇ ਨਿੱਘੇ ਸਵਾਗਤ ਅਤੇ ਸ਼ਾਨਦਾਰ ਮੇਜ਼ਬਾਨੀ ਲਈ ਧੰਨਵਾਦ ਪ੍ਰਗਟ ਕੀਤਾ।

# ਸੀ ਫੇਸ ਸੋਸਾਇਟੀ ਸਰੀ ਦੀ ਤੀਜੀ ਸਾਲਾਨਾ ਚੋਣ ਸਰਬਸੰਮਤੀ ਨਾਲ ਹੋਈ, ਨਵੀਂ ਟੀਮ ਦਾ ਐਲਾਨ

## ਸੱਭਿਆਚਾਰਕ ਏਕਤਾ ਅਤੇ ਸਮਾਜਿਕ ਸਾਂਝ ਨੂੰ ਮਜ਼ਬੂਤ ਕਰਨ ਦੇ ਸੰਕਲਪ ਨਾਲ ਵੱਖ-ਵੱਖ ਭਾਈਚਾਰਿਆਂ ਦੇ ਨੁਮਾਇੰਦਿਆਂ ਨੂੰ ਮਿਲੀਆਂ ਮਹੱਤਵਪੂਰਨ ਜ਼ਿੰਮੇਵਾਰੀਆਂ



**ਸਰੀ (ਮਹੇਸ਼ਇੰਦਰ ਸਿੰਘ ਮਾਂਗਟ) :** ਕੈਨੇਡਾ ਦੀ ਧਰਤੀ ਵੱਖ-ਵੱਖ ਸੱਭਿਆਚਾਰਾਂ, ਲੋਕ ਕਲਾਵਾਂ ਅਤੇ ਪਰੰਪਰਾਵਾਂ ਨੂੰ ਆਪਣੀ ਗੋਦ ਵਿੱਚ ਸਮੋਏ ਹੋਏ ਹੈ। ਲੋਕ ਨਾਚ, ਲੋਕ ਗੀਤ ਅਤੇ ਲੋਕ-ਸੱਭਿਆਚਾਰ ਕਿਸੇ ਵੀ ਕੌਮ ਦੀ ਪਛਾਣ ਹੁੰਦੇ ਹਨ ਅਤੇ ਇਨ੍ਹਾਂ ਰਾਹੀਂ ਆਪਸੀ ਸਾਂਝ ਅਤੇ ਸਮਝ ਨੂੰ ਮਜ਼ਬੂਤੀ ਮਿਲਦੀ ਹੈ। ਇਸੇ ਮਕਸਦ ਨੂੰ ਅੱਗੇ ਵਧਾਉਂਦਿਆਂ ਸੀ ਫੇਸ ਸੋਸਾਇਟੀ ਸਰੀ ਨੇ ਆਪਣੇ ਤੀਜੇ ਸਾਲ ਵਿੱਚ ਪ੍ਰਵੇਸ਼ ਕਰਦਿਆਂ ਸਰਬਸੰਮਤੀ ਨਾਲ ਨਵੀਂ ਕਾਰਜਕਾਰਨੀ ਦੀ ਚੋਣ ਕਰਕੇ ਸੰਗਠਨਕ ਏਕਤਾ ਦੀ ਮਿਸਾਲ ਪੇਸ਼ ਕੀਤੀ ਹੈ।

ਸੋਸਾਇਟੀ ਦੇ ਸੀਈਓ ਅਤੇ ਫਾਊਂਡਰ ਕੰਵਲਜੀਤ ਸਿੰਘ ਮਾਨਾਂਵਾਲਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਨੂੰਨੀ ਅਤੇ ਸਮਾਜਿਕ ਤਾਣੇ-ਬਾਣੇ ਨੂੰ ਧਿਆਨ ਵਿੱਚ ਰੱਖਦਿਆਂ ਇਸ ਵਾਰ ਵੀ ਸਾਰੇ ਅਹੁਦੇ ਸਰਬਸੰਮਤੀ ਨਾਲ ਭਰੇ ਗਏ ਹਨ। ਉਨ੍ਹਾਂ ਦੱਸਿਆ ਕਿ ਸ੍ਰੀ ਕਾਂਤ ਮੋਗੁਲਾਲਾ ਨੂੰ ਲਗਾਤਾਰ ਦੂਜੀ ਵਾਰ ਸੋਸਾਇਟੀ ਦਾ ਪ੍ਰਧਾਨ ਚੁਣਿਆ ਗਿਆ ਹੈ। ਅੰਮ੍ਰਿਤਪਾਲ ਸਿੰਘ ਢੋਟ ਨੂੰ ਵਾਈਸ ਪ੍ਰਧਾਨ ਅਤੇ ਸਰਦਾਰ ਭੁਪਿੰਦਰ ਸਿੰਘ ਲੱਧੜ ਨੂੰ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਇਸ ਤੋਂ ਇਲਾਵਾ ਪਲਕਦੀਪ ਕੌਰ ਨੂੰ ਡਾਇਰੈਕਟਰ ਆਫ਼ ਪਬਲਿਕ ਰਿਲੇਸ਼ਨ ਅਤੇ ਤਨਵੀਰ ਸਿੰਘ ਨੂੰ ਡਾਇਰੈਕਟਰ ਆਫ਼ ਐਂਟਰਟੇਨਮੈਂਟ ਨਿਯੁਕਤ ਕੀਤਾ ਗਿਆ ਹੈ। ਸੋਸਾਇਟੀ ਨੇ ਨਵੇਂ ਚੁਣੇ ਅਹੁਦੇਦਾਰਾਂ ਦਾ ਸਵਾਗਤ ਕਰਦਿਆਂ ਐਡਵਾਈਜ਼ਰੀ ਬੋਰਡ ਵਿੱਚ ਸਰਦਾਰ ਹਰਬੀਰ ਸਿੰਘ ਬੱਤਰਾ ਅਤੇ ਡਾ. ਚਰਨਜੀਤ ਸਿੰਘ ਕਾਲੜਾ ਨੂੰ ਸ਼ਾਮਲ ਕੀਤਾ ਹੈ।

ਸੋਸਾਇਟੀ ਵੱਲੋਂ ਇੰਦਰਜੀਤ ਲੱਧੜ ਨੂੰ ਸਪਾਂਸਰਸ਼ਿਪ ਅਤੇ ਪਾਰਟਨਰਸ਼ਿਪ ਐਡਵਾਈਜ਼ਰ, ਉੱਘੇ ਵਕੀਲ ਨਇਆ ਗਿੱਲ ਨੂੰ ਚੀਫ਼ ਲੀਗਲ ਐਡਵਾਈਜ਼ਰ, ਜਸਪਾਲ ਸਿੰਘ ਨੰਦਾ ਨੂੰ ਗਰਾਂਟਸ ਅਤੇ ਫੰਡ ਰੇਜ਼ਿੰਗ ਐਡਵਾਈਜ਼ਰ ਅਤੇ ਸੀਪੀਏ ਅੰਸ਼ ਛਾਬੜਾ ਨੂੰ ਚੀਫ਼ ਫਾਇਨੈਂਸ਼ੀਅਲ ਐਡਵਾਈਜ਼ਰ ਨਿਯੁਕਤ ਕੀਤਾ ਗਿਆ ਹੈ।

ਸੋਸਾਇਟੀ ਨੇ ਵੱਖ-ਵੱਖ ਕਮਿਊਨਿਟੀਆਂ ਵਿਚਕਾਰ ਸੱਭਿਆਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਵਿਸ਼ੇਸ਼ ਸੱਭਿਆਚਾਰਕ ਐਡਵਾਈਜ਼ਰੀ ਕਮੇਟੀ ਵੀ ਗਠਿਤ ਕੀਤੀ ਹੈ। ਇਸ ਕਮੇਟੀ ਵਿੱਚ ਮੇਗਨ ਸਿਲਵੇਸਟਰੀ ਨੂੰ ਇੰਡੀਜੀਨਸ ਕਲਚਰ ਐਡਵਾਈਜ਼ਰ, ਸੋਮੀ ਨੂੰ ਤਾਮਿਲ ਕਲਚਰ ਐਡਵਾਈਜ਼ਰ, ਹਮੀਦੁੱਲਾ ਆਮਿਰ ਖਾਨ ਨੂੰ ਅਫ਼ਗਾਨ ਕਲਚਰ ਐਡਵਾਈਜ਼ਰ, ਕੈਨਜੀ ਸੈਂਟੀਗੋ ਨੂੰ ਫਿਲੀਪੀਨੋ ਕਲਚਰ ਐਡਵਾਈਜ਼ਰ, ਜੀਤੂ ਰਾਣਾ ਨੂੰ ਫਿਜੀ ਕਲਚਰ ਐਡਵਾਈਜ਼ਰ, ਕੁਲਦੀਪ ਸਿੰਘ ਕੈਂਬੋ ਅਤੇ ਡਾ. ਕਮਲਜੀਤ ਕੌਰ ਨੂੰ ਪੰਜਾਬੀ ਕਲਚਰ ਐਡਵਾਈਜ਼ਰ, ਅੰਤਰਾ ਪੌਲ ਨੂੰ ਬੰਗਾਲੀ ਕਲਚਰ ਐਡਵਾਈਜ਼ਰ, ਮਿਚੇਲ ਚੈਂਗ ਨੂੰ ਕੋਰੀਅਨ ਕਲਚਰ ਐਡਵਾਈਜ਼ਰ, ਅਡੀਬੋਲਾ ਇਗੇ ਨੂੰ ਯੋਰੂਬਾ ਕਲਚਰ ਐਡਵਾਈਜ਼ਰ, ਪਰਿੰਜਲ ਪਟੇਲ ਨੂੰ ਗੁਜਰਾਤੀ ਕਲਚਰ ਐਡਵਾਈਜ਼ਰ ਅਤੇ ਲੋਰੇਂਏ ਓਇਕਵਾ ਨੂੰ ਜਾਪਾਨੀ ਕਲਚਰ ਐਡਵਾਈਜ਼ਰ ਵਜੋਂ ਨਿਯੁਕਤ ਕੀਤਾ ਗਿਆ ਹੈ।

ਇਸ ਮੌਕੇ ਸੋਸਾਇਟੀ ਵਿੱਚ ਨਵੇਂ ਮੈਂਬਰਾਂ ਵਜੋਂ ਪ੍ਰਿਤਪਾਲ ਸਿੰਘ ਬਰਾੜ, ਮਿਸ ਆਸ਼ਿਮਾ, ਪ੍ਰੀਤਮ ਸਿੰਘ ਬਰਾੜ, ਆਤਮਾ ਸਿੰਘ ਸੰਧੂ, ਮਨਪ੍ਰੀਤ ਬਰਾੜ, ਕਰਮ ਸਿੰਘ ਸਿੱਧੂ ਅਤੇ ਸਰਬਜੀਤ ਸਿੰਘ ਕਾਹਲੋਂ ਦੇ ਨਾਮਾਂ ਨੂੰ ਵੀ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ।

ਸੋਸਾਇਟੀ ਦੇ ਆਗੂਆਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੱਖ-ਵੱਖ ਭਾਈਚਾਰਿਆਂ ਨੂੰ ਇੱਕ ਮੰਚ 'ਤੇ ਲਿਆ ਕੇ ਕੈਨੇਡਾ ਦੇ ਬਹੁ-ਸੱਭਿਆਚਾਰਕ ਸਮਾਜ ਨੂੰ ਹੋਰ ਮਜ਼ਬੂਤ ਬਣਾਉਣ ਲਈ ਕਈ ਸੱਭਿਆਚਾਰਕ ਅਤੇ ਸਮਾਜਿਕ ਉਪਰਾਲੇ ਕੀਤੇ ਜਾਣਗੇ

# ਲਕਸ਼ਮੀ ਨਰਾਇਣ ਮੰਦਰ, ਸਰੀ ਵਿਖੇ ਐਮ ਐਲ ਏ ਮਨਦੀਪ ਸਿੰਘ ਧਾਲੀਵਾਲ ਦਾ "ਮੀਟ ਐਂਡ ਗ੍ਰੀਟ" ਸਮਾਗਮ ਆਯੋਜਤ , ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਦਾ ਦਿੱਤਾ ਭਰੋਸਾ



**ਸਰੀ, (ਮਹੇਸ਼ਇੰਦਰ ਸਿੰਘ ਮਾਂਗਟ)** ਸਰੀ ਦੇ ਲਕਸ਼ਮੀ ਨਰਾਇਣ ਮੰਦਰ ਵਿਖੇ ਐਮਐਲਏ ਮਨਦੀਪ ਸਿੰਘ ਧਾਲੀਵਾਲ ਵੱਲੋਂ "ਮੀਟ ਐਂਡ ਗ੍ਰੀਟ" ਦੇ ਨਾਮ ਹੇਠ ਕਰਵਾਇਆ ਗਿਆ ਵਿਸ਼ੇਸ਼ ਮਿਲਣੀ ਸਮਾਗਮ ਸਫਲਤਾਪੂਰਵਕ ਸਮਾਪਤ ਹੋਇਆ। ਇਸ ਸਮਾਗਮ ਵਿੱਚ ਸਰੀ ਦੇ ਵੱਖ-ਵੱਖ ਵਰਗਾਂ ਨਾਲ ਸਬੰਧਤ ਪਤਵੰਤੇ ਸੱਜਣਾਂ, ਸਮਾਜ ਸੇਵੀਆਂ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀਆਂ ਨੇ ਸ਼ਮੂਲੀਅਤ ਕਰਕੇ ਆਪਣੇ ਵਿਚਾਰ ਅਤੇ ਸਮੱਸਿਆਵਾਂ ਸਾਂਝੀਆਂ ਕੀਤੀਆਂ।

ਇਸ ਮੌਕੇ ਸੰਬੋਧਨ ਕਰਦਿਆਂ ਐਮ ਐਲ ਏ ਮਨਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਜਨਤਾ ਦੀ ਸੇਵਾ ਹੀ ਉਨ੍ਹਾਂ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਸਰਕਾਰੀ ਸੇਵਾਵਾਂ, ਸਰਕਾਰੀ ਵਿਭਾਗਾਂ ਜਾਂ ਕਿਸੇ ਹੋਰ ਪ੍ਰਸ਼ਾਸਨਿਕ ਮਾਮਲੇ ਸਬੰਧੀ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਬਿਨਾਂ ਕਿਸੇ ਝਿਜਕ ਦੇ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਹਰ ਸ਼ਿਕਾਇਤ ਅਤੇ ਸਮੱਸਿਆ ਨੂੰ ਪੂਰੀ ਗੰਭੀਰਤਾ ਨਾਲ ਸੁਣ ਕੇ ਉਸ ਦੇ ਹੱਲ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਮੌਕੇ ਐਮਐਲਏ ਮਨਦੀਪ ਸਿੰਘ ਧਾਲੀਵਾਲ ਨੇ ਮੰਦਰ ਕਮੇਟੀ ਦੇ ਸਮੂਹ ਮੈਂਬਰਾਂ ਨੂੰ ਏਪ੍ਰੀਸੀਏਸ਼ਨ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾਡ

ਸਮਾਗਮ ਦੌਰਾਨ ਲਕਸ਼ਮੀ ਨਰਾਇਣ ਮੰਦਰ ਦੇ ਪ੍ਰਧਾਨ ਸਤੀਸ਼ ਕੁਮਾਰ, ਸੈਕਟਰੀ ਵਿਨੇ ਸ਼ਰਮਾ, ਰਾਜ ਬੌਲੀ, ਰਮਨ ਸ਼ਰਮਾ, ਸਰੀ ਸਿਟੀ ਕੌਂਸਲਰ ਅਹੁਦੇ ਦੀ ਉਮੀਦਵਾਰ ਸ਼ੈਨਾ ਬਰਮਾਨੀ, ਜਸਪ੍ਰੀਤ ਸਿੰਘ ਸਮੇਤ ਕਈ ਪਤਵੰਤੇ ਸੱਜਣ ਮੌਜੂਦ ਰਹੇ। ਇਸ ਤੋਂ ਇਲਾਵਾ ਮੰਦਰ ਨਾਲ ਜੁੜੇ ਵੱਡੀ ਗਿਣਤੀ ਵਿੱਚ ਭਗਤ ਜਨਾਂ ਨੇ ਵੀ ਸਮਾਗਮ ਵਿੱਚ ਹਾਜ਼ਰੀ ਭਰੀ।

ਸਮਾਗਮ ਉਪਰੰਤ ਐਮ ਐਲ ਏ ਮਨਦੀਪ ਸਿੰਘ ਧਾਲੀਵਾਲ ਨੇ ਸੰਗਤ ਨਾਲ ਮਿਲ ਕੇ ਲੰਗਰ ਦੀ ਸੇਵਾ ਵਿੱਚ ਵੀ ਸ਼ਰਧਾ ਅਤੇ ਨਿਮਰਤਾ ਨਾਲ ਹਿੱਸਾ ਲਿਆ, ਜਿਸ ਦੀ ਹਾਜ਼ਰ ਸੰਗਤ ਵੱਲੋਂ ਸਰਾਹਨਾ ਕੀਤੀ ਗਈ। ਸਮਾਗਮ ਦੌਰਾਨ ਲੋਕਾਂ ਅਤੇ ਐਮਐਲਏ ਵਿਚਾਲੇ ਖੁੱਲ੍ਹਾ ਸੰਵਾਦ ਹੋਇਆ, ਜਿਸ ਨਾਲ ਲੋਕਾਂ ਨੂੰ ਆਪਣੇ ਮਸਲੇ ਸਿੱਧੇ ਤੌਰ 'ਤੇ ਰੱਖਣ ਦਾ ਮੌਕਾ ਮਿਲਿਆ।

# ਫੈਨ ਭੰਗੜੇ ਦੇ ਆਰਟਸ ਅਕੈਡਮੀ ਵੱਲੋਂ ਭੰਗੜਾ-ਗਿੱਧਾ ਸਮਰ ਫੈਸਟ ਸ਼ਾਨਦਾਰ ਢੰਗ ਨਾਲ ਸਮਾਪਤ





**ਸਰੀ (ਮਹੇਸ਼ਇੰਦਰ ਸਿੰਘ ਮਾਂਗਟ) –** ਫੈਨ ਭੰਗੜੇ ਦੇ ਆਰਟਸ ਅਕੈਡਮੀ ਵੱਲੋਂ ਅੱਜ ਦਿ ਗ੍ਰੈਂਡ ਐਮਪਾਇਰ ਬੈਂਕੁਏਟ ਹਾਲ, 12888 - 80 ਐਵੇਨਿਊ, ਸਰੀ ਵਿਖੇ ਕਰਵਾਇਆ ਗਿਆ "ਭੰਗੜਾ-ਗਿੱਧਾ ਸਮਰ ਫੈਸਟ 2026" ਬਹੁਤ ਹੀ ਸ਼ਾਨਦਾਰ ਅਤੇ ਰੰਗਾਰੰਗ ਮਾਹੌਲ ਵਿੱਚ ਸੰਪੰਨ ਹੋਇਆ।

ਸਮਾਗਮ ਦੌਰਾਨ ਅਕੈਡਮੀ ਦੇ ਬੱਚਿਆਂ ਨੇ ਭੰਗੜੇ, ਗਿੱਧੇ ਅਤੇ ਕੋਰੀਓਗ੍ਰਾਫੀ ਦੀਆਂ ਮਨਮੋਹਕ ਪੇਸ਼ਕਾਰੀਆਂ ਦੇ ਕੇ ਦਰਸ਼ਕਾਂ ਨੂੰ ਖੂਬ ਮੰਤਰਮੁਗਧ ਕੀਤਾ। ਨੰਨੇ ਕਲਾਕਾਰਾਂ ਦੀ ਪ੍ਰਤਿਭਾ, ਆਤਮ-ਵਿਸ਼ਵਾਸ ਅਤੇ ਪੰਜਾਬੀ ਸੱਭਿਆਚਾਰ ਪ੍ਰਤੀ ਸਮਰਪਣ ਨੇ ਹਾਜ਼ਰੀਨ ਵੱਲੋਂ ਭਰਪੂਰ ਤਾੜੀਆਂ ਅਤੇ ਸ਼ਲਾਘਾ ਹਾਸਲ ਕੀਤੀ।

ਪੂਰੇ ਪ੍ਰੋਗਰਾਮ ਦੌਰਾਨ ਹਾਲ ਵਿੱਚ ਮੌਜੂਦ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਹੋਇਆ। ਇਸ ਦੇ ਨਾਲ ਹੀ ਬੱਚਿਆਂ ਨੇ ਆਪਣੀਆਂ ਪੇਸ਼ਕਾਰੀਆਂ ਰਾਹੀਂ ਪੰਜਾਬੀ ਸੱਭਿਆਚਾਰ ਦੀ ਅਮੀਰ ਵਿਰਾਸਤ ਅਤੇ ਪਹਿਚਾਣ ਨੂੰ ਵੀ ਬਹੁਤ ਹੀ ਖੂਬਸੂਰਤ ਢੰਗ ਨਾਲ ਪੇਸ਼ ਕੀਤਾ। ਆਪਣੇ ਬੱਚਿਆਂ ਦੀ ਸ਼ਾਨਦਾਰ ਕਾਰਗੁਜ਼ਾਰੀ ਨੂੰ ਦੇਖ ਕੇ ਮਾਪਿਆਂ ਵਿੱਚ ਵੀ ਖਾਸਾ ਉਤਸ਼ਾਹ ਅਤੇ ਮਾਣ ਦੇਖਣ ਨੂੰ ਮਿਲਿਆ।

ਇਹ ਸਫਲ ਸਮਾਗਮ ਫੈਨ ਭੰਗੜੇ ਦੇ ਆਰਟਸ ਅਕੈਡਮੀ ਦੇ ਪ੍ਰਬੰਧਕ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਨ੍ਹਾਂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਪ੍ਰੋਗਰਾਮ ਨੂੰ ਬਹੁਤ ਹੀ ਸੁਚੱਜੇ ਅਤੇ ਸੁਚਾਰੂ ਢੰਗ ਨਾਲ ਪੇਸ਼ ਕੀਤਾ। ਹਾਜ਼ਰੀਨ ਨੇ ਅਕੈਡਮੀ ਦੇ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਨੌਜਵਾਨ ਪੀੜ੍ਹੀ ਨੂੰ ਆਪਣੀ ਮਾਤਭੂਮੀ ਦੇ ਸੱਭਿਆਚਾਰ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।






# ਪੰਜਾਬੀ ਭਾਈਚਾਰੇ ਲਈ ਮਾਣ

## ਵੈਨਕੂਵਰ ਸਿਟੀ ਕੌਂਸਲ ਵੱਲੋਂ 28 ਜੁਲਾਈ ਨੂੰ 'ਸੁੱਚਾ ਸਿੰਘ ਕਲੇਰ ਦਿਵਸ' ਐਲਾਨਿਆ



**ਵੈਨਕੂਵਰ, 30 ਜੁਲਾਈ (ਹਰਦਮ ਮਾਨ)–** ਵੈਨਕੂਵਰ ਦੀ ਇਤਿਹਾਸਕ ਪੰਜਾਬੀ ਮਾਰਕੀਟ ਦੀ ਸਥਾਪਨਾ ਅਤੇ ਪੰਜਾਬੀ ਭਾਈਚਾਰੇ ਦੀ ਸਮਾਜਿਕ ਤੇ ਸੱਭਿਆਚਾਰਕ ਉੱਨਤੀ ਵਿੱਚ ਪਾਏ ਯੋਗਦਾਨ ਲਈ ਉੱਘੇ ਲੇਖਕ, ਸਮਾਜ ਸੇਵੀ ਅਤੇ ਕਾਰੋਬਾਰੀ ਸੁੱਚਾ ਸਿੰਘ ਕਲੇਰ ਨੂੰ ਵੈਨਕੂਵਰ ਸਿਟੀ ਹਾਲ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ ਹੈ। ਵੈਨਕੂਵਰ ਦੇ ਮੇਅਰ ਕੇਨ ਸਿਮ ਨੇ ਸਿਟੀ ਕੌਂਸਲ ਦੀ ਤਰਫ਼ੋਂ 28 ਜੁਲਾਈ ਨੂੰ ਅਧਿਕਾਰਤ ਤੌਰ 'ਤੇ 'ਸੁੱਚਾ ਸਿੰਘ ਕਲੇਰ ਦਿਵਸ' ਵਜੋਂ ਮਨਾਉਣ ਦਾ ਐਲਾਨਨਾਮਾ ਜਾਰੀ ਕੀਤਾ।

ਵਰਨਣਯੋਗ ਹੈ ਕਿ ਸੁੱਚਾ ਸਿੰਘ ਕਲੇਰ 1969 ਵਿੱਚ ਕੈਨੇਡਾ ਆਏ ਅਤੇ 1970 ਵਿੱਚ ਵੈਨਕੂਵਰ ਦੀ ਮੇਨ ਸਟਰੀਟ 'ਤੇ 'ਸ਼ਾਨ ਸਾੜੀਜ਼ ਐਂਡ ਡ੍ਰੇਪਰੀ' ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਉਸ ਸਮੇਂ ਪੰਜਾਬੀ ਭਾਈਚਾਰੇ ਨੂੰ ਇਕੱਠਾ ਕਰਕੇ ਇਸ ਇਲਾਕੇ ਦੀ ਪਛਾਣ ਨੂੰ ਮਜ਼ਬੂਤ ਕਰਨ ਲਈ ਯਤਨ ਕੀਤੇ, ਜਿਸ ਦੇ ਸਿੱਟੇ ਵਜੋਂ ਇਹ ਖੇਤਰ 'ਵੈਨਕੂਵਰਜ਼ ਹਿਸਟੌਰਿਕ ਪੰਜਾਬੀ ਮਾਰਕੀਟ' ਵਜੋਂ ਜਾਣਿਆ ਜਾਣ ਲੱਗਾ।

ਕਾਰੋਬਾਰ ਦੇ ਨਾਲ-ਨਾਲ ਉਹ ਸਾਹਿਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਵੀ ਸਰਗਰਮ ਰਹੇ ਹਨ। ਉਨ੍ਹਾਂ ਨੇ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ ਅਤੇ ਹਫ਼ਤਾਵਾਰੀ ਅਖ਼ਬਾਰ ਇੰਡੋ-ਕੈਨੇਡੀਅਨ ਟਾਈਮਜ਼ ਲਈ ਲੰਬੇ ਸਮੇਂ ਤੱਕ ਨਿਯਮਤ ਲੇਖ ਲਿਖੇ। ਇਸ ਤੋਂ ਇਲਾਵਾ ਉਹ ਕੈਨੇਡੀਅਨ ਕੈਂਸਰ ਸੁਸਾਇਟੀ ਦੇ ਡਾਇਰੈਕਟਰ, ਪੰਜਾਬੀ ਮਾਰਕੀਟ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸਨਸੈੱਟ ਇੰਡੋ-ਕੈਨੇਡੀਅਨ ਸੀਨੀਅਰਜ਼ ਸੁਸਾਇਟੀ ਦੇ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ।

ਵੈਨਕੂਵਰ ਸਿਟੀ ਹਾਲ ਵਿੱਚ ਕਰਵਾਏ ਗਏ ਸਮਾਗਮ ਵਿੱਚ ਸੁੱਚਾ ਸਿੰਘ ਕਲੇਰ ਦੇ ਪਰਿਵਾਰਕ ਮੈਂਬਰਾਂ ਅਤੇ ਭਾਈਚਾਰੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਭਾਰਤ ਦੇ ਸਾਬਕਾ ਰਾਜਦੂਤ ਜ਼ਿਲ੍ਹੇ ਸਿੰਘ ਨੇ ਕਿਹਾ ਕਿ ਸੁੱਚਾ ਸਿੰਘ ਕਲੇਰ ਨੇ ਨਿਮਰਤਾ, ਸਮਰਪਣ ਅਤੇ ਸੇਵਾ ਦੀ ਭਾਵਨਾ ਨਾਲ ਭਾਈਚਾਰੇ ਦੀ ਲੰਬੇ ਸਮੇਂ ਤੱਕ ਸੇਵਾ ਕੀਤੀ ਹੈ। ਉਨ੍ਹਾਂ ਨੇ ਕਲੇਰ ਦੀ ਵਿਛੜ ਚੁੱਕੀ ਜੀਵਨ ਸਾਥਣ ਦੇ ਯੋਗਦਾਨ ਨੂੰ ਵੀ ਯਾਦ ਕੀਤਾ ਅਤੇ ਪਰਿਵਾਰਕ ਮੈਂਬਰਾਂ ਦੀ ਸ਼ਲਾਘਾ ਕੀਤੀ, ਜੋ ਉਨ੍ਹਾਂ ਦੀ ਸੇਵਾ-ਸੰਭਾਲ ਕਰ ਰਹੇ ਹਨ।

ਸਮਾਗਮ ਦੇ ਅੰਤ ਵਿੱਚ ਸੁੱਚਾ ਸਿੰਘ ਕਲੇਰ ਅਤੇ ਉਨ੍ਹਾਂ ਦੇ ਪੁੱਤਰ ਮਨਜੀਤ ਸਿੰਘ ਨੇ ਮੇਅਰ ਕੇਨ ਸਿਮ ਅਤੇ ਵੈਨਕੂਵਰ ਸਿਟੀ ਕੌਂਸਲ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਸਨਮਾਨ ਸਿਰਫ਼ ਉਨ੍ਹਾਂ ਲਈ ਨਹੀਂ, ਸਗੋਂ ਸਮੁੱਚੇ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

## ਸੰਪਾਦਕੀ

# ਧਰਤੀ ਹੇਠੋਂ ਸੁੱਕਦਾ ਪੰਜਾਬ

ਪੂਰੇ ਦੇਸ਼ ਵਿੱਚੋਂ ਸਭ ਤੋਂ ਵੱਧ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਪੰਜਾਬ ਵਿੱਚ ਹੋ ਰਹੀ ਹੈ। ਕੇਂਦਰ ਸਰਕਾਰ ਨੇ ਸੂਬੇ ਦੇ 153 ਵਿੱਚੋਂ 111 ਬਲਾਕਾਂ ਨੂੰ ਖ਼ਤਰੇ ਦੇ ਨਿਸ਼ਾਨ ਤੋਂ ਪਾਰ ਐਲਾਨਿਆ ਹੈ, ਜਿਸ ਨੇ ਇਸ ਡੂੰਘੇ ਸੰਕਟ 'ਤੇ ਇੱਕ ਵਾਰ ਫਿਰ ਮੋਹਰ ਲਾ ਦਿੱਤੀ ਹੈ। ਇਸ ਮਾਮਲੇ ਵਿੱਚ ਸੰਗਰੂਰ ਜ਼ਿਲ੍ਹਾ ਸਭ ਤੋਂ ਅੱਗੇ ਹੈ। ਦਹਾਕਿਆਂ ਤੋਂ ਵੱਡੇ ਪੱਧਰ ਉੱਤੇ ਚੱਲ ਰਹੀ ਝੋਨੇ ਦੀ ਖੇਤੀ ਨੇ ਪਾਣੀ ਦੇ ਉਜਾੜੇ ਨੂੰ ਹੋਰ ਤੇਜ਼ ਕਰ ਦਿੱਤਾ ਹੈ ਜਿਸ ਕਰਕੇ ਇੱਥੇ ਪਾਣੀ ਦੀ ਖਪਤ ਸਭ ਤੋਂ ਵੱਧ ਹੈ। ਮਾਲੇਰਕੋਟਲਾ ਤੇ ਜਲੰਧਰ ਵੀ ਇਸ ਦੌੜ ਵਿੱਚ ਬਹੁਤਾ ਪਿੱਛੇ ਨਹੀਂ ਹਨ। ਰਿਪੋਰਟ ਮੁਤਾਬਿਕ ਧਰਤੀ ਹੇਠਲੇ ਪਾਣੀ ਦੀ ਸਭ ਤੋਂ ਵੱਧ ਨਿਕਾਸੀ ਵਾਲੇ ਬਲਾਕਾਂ ਵਿੱਚ ਲੁਧਿਆਣਾ ਪਹਿਲੇ ਨੰਬਰ 'ਤੇ ਹੈ ਜਿਸ ਤੋਂ ਬਾਅਦ ਜਲੰਧਰ, ਅੰਮ੍ਰਿਤਸਰ, ਪਟਿਆਲਾ, ਸੰਗਰੂਰ ਅਤੇ ਤਰਨ ਤਾਰਨ ਦਾ ਨਾਂ ਆਉਂਦਾ ਹੈ। ਦਹਾਕਿਆਂ ਦੀਆਂ ਤਾਕੀਦਾਂ ਅਤੇ ਚੇਤਾਵਨੀਆਂ ਦੇ ਬਾਵਜੂਦ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਪਾਣੀ ਦੇ ਪੱਧਰ ਦਾ ਇੰਨੀ ਤੇਜ਼ੀ ਨਾਲ ਹੇਠਾਂ ਡਿੱਗਣਾ ਸਾਡੀ ਖੇਤੀਬਾੜੀ ਨੀਤੀ ਦੀਆਂ ਵੱਡੀਆਂ ਖ਼ਾਮੀਆਂ ਨੂੰ ਜੱਗ-ਜ਼ਾਹਿਰ ਕਰਦਾ ਹੈ।

ਮੌਜੂਦਾ ਹਾਲਾਤ ਨੂੰ ਇੰਝ ਹੀ ਚੱਲਣ ਦੇਣਾ ਨਾ ਸਿਰਫ਼ ਸੂਬੇ ਦੇ ਵਾਤਾਵਰਨ ਦੇ ਸੰਤੁਲਨ ਲਈ ਖ਼ਤਰਾ ਹੈ ਸਗੋਂ ਦੇਸ਼ ਦੀ ਲੰਮੇ ਸਮੇਂ ਦੀ ਖ਼ੁਰਾਕੀ ਸੁਰੱਖਿਆ ਨੂੰ ਵੀ ਦਾਅ 'ਤੇ ਲਾਉਂਦਾ ਹੈ। ਬਦਲਾਅ ਦਾ ਖ਼ਾਕਾ ਅਤੇ ਇਸ ਦੀਆਂ ਮੁੱਖ ਦਿਸ਼ਾਵਾਂ ਅਕਸਰ ਹੀ ਤਿਆਰ ਕੀਤੀਆਂ ਜਾਂਦੀਆਂ ਰਹੀਆਂ ਹਨ। ਪਰ ਖ਼ਾਮੀ ਇਹ ਹੈ ਕਿ ਇਹ ਯੋਜਨਾਵਾਂ ਲਾਗੂ ਹੋਣ ਦੇ ਪਰਖ-ਕਾਲ 'ਚ ਹੀ ਦਮ ਤੋੜ ਜਾਂਦੀਆਂ ਹਨ। ਫ਼ਸਲੀ ਚੱਕਰ ਬਦਲਣ, ਆਧੁਨਿਕ ਸੂਖਮ-ਸਿੰਚਾਈ (ਟਿੱਪਕ-ਸਿੰਚਾਈ) ਅਤੇ ਧਰਤੀ ਹੇਠਲੇ ਪਾਣੀ ਦੀ ਸਖ਼ਤ ਨਿਗਰਾਨੀ ਵਰਗੇ ਸੁਧਾਰ ਅਜੇ ਵੀ ਵੱਡੀਆਂ ਚੁਣੌਤੀਆਂ ਬਣੇ ਹੋਏ ਹਨ। ਪਾਣੀ ਦੇ ਅਹਿਮ ਭੰਡਾਰਾਂ ਦਾ ਸੁੱਕਣ ਕੰਢੇ ਪਹੁੰਚਣਾ ਇਸ ਗੱਲ ਦੀ ਮੰਗ ਕਰਦਾ ਹੈ ਕਿ ਬਦਲਵੀਆਂ ਫ਼ਸਲਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਨੀਤੀਆਂ 'ਤੇ ਬਿਨਾਂ ਕਿਸੇ ਦੇਰੀ ਦੇ ਮੁੜ-ਵਿਚਾਰ ਕੀਤਾ ਜਾਵੇ।

ਧਰਤੀ ਵਿੱਚੋਂ ਪਾਣੀ ਕੱਢਣਾ ਤਾਂ ਸੁਖਾਲਾ ਹੈ ਪਰ ਹੇਠਾਂ ਸੁੱਕ ਚੁੱਕੇ ਪਾਣੀ ਦੇ ਭੰਡਾਰਾਂ ਨੂੰ ਮੁੜ ਭਰਨਾ ਸੂਝਵਾਨ ਇੰਜੀਨੀਅਰਿੰਗ ਅਤੇ ਲੋਕਾਂ ਦੇ ਸਾਂਝੇ ਉੱਦਮ ਦੀ ਮੰਗ ਕਰਦਾ ਹੈ। ਇਹ ਸਭ ਆਪਸੀ ਵਚਨਬੱਧਤਾ ਤੋਂ ਬਿਨਾਂ ਸੰਭਵ ਨਹੀਂ ਹੈ ਪਰ ਅਫ਼ਸੋਸ ਕਿ ਇਸ ਪਾਸੇ ਕੋਈ ਗੰਭੀਰਤਾ ਨਜ਼ਰ ਨਹੀਂ ਆ ਰਹੀ। ਸਾਰਾ ਦੋਸ਼ ਕਿਸਾਨ ਦੇ ਸਿਰ ਮੜ੍ਹਨਾ ਬਹੁਤ ਸੌਖਾ ਹੈ ਜਦਕਿ ਸੱਚ ਇਹ ਹੈ ਕਿ ਉਹ ਖ਼ੁਦ ਬਦਲਾਅ ਲਿਆਉਣ ਲਈ ਸਭ ਤੋਂ ਵੱਧ ਕਾਹਲਾ ਹੈ ਪਰ ਉਸ ਕੋਲ ਲੋੜੀਂਦੇ ਸਾਧਨਾਂ ਦੀ ਘਾਟ ਹੈ। ਪਾਣੀ ਨੂੰ ਬਚਾਉਣਾ ਬਹੁਤ ਹੀ ਸੰਜਮ ਅਤੇ ਜ਼ਿੰਮੇਵਾਰੀ ਦੀ ਮੰਗ ਕਰਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਵਿੱਤੀ ਉਤਸ਼ਾਹ-ਸਬਸਿਡੀਆਂ ਅਤੇ ਹੋਰ ਰਿਆਇਤਾਂ ਦੀ ਨੀਤੀ 'ਤੇ ਮੁੜ-ਵਿਚਾਰ ਕਰਨ ਅਤੇ ਇਸ ਨਵੇਂ ਖੇਤੀ ਢਾਂਚੇ ਦੇ ਕੇਂਦਰ ਵਿੱਚ ਕਿਸਾਨ ਨੂੰ ਰੱਖਣ। ਇਸ ਦੇ ਨਾਲ ਹੀ ਇਹ ਵੀ ਬਹੁਤ ਜ਼ਰੂਰੀ ਹੈ ਕਿ ਸ਼ਹਿਰਾਂ ਦੇ ਸੀਵਰੇਜ ਅਤੇ ਕਾਰਖਾਨਿਆਂ ਦੇ ਜ਼ਹਿਰੀਲੇ ਪਾਣੀ ਨੂੰ ਸੋਧ ਕੇ ਉਸ ਦੀ ਸੁਚੱਜੀ ਵਰਤੋਂ ਕਿਵੇਂ ਕੀਤੀ ਜਾਵੇ। ਪਾਣੀ ਦੇ ਪ੍ਰਬੰਧਨ ਲਈ ਉੱਚ-ਮਿਆਰੀ ਨੀਤੀ ਤੋਂ ਘੱਟ ਕੁੱਝ ਵੀ ਮਨਜ਼ੂਰ ਨਹੀਂ ਹੋਣਾ ਚਾਹੀਦਾ।

# ਜੈੱਨ-ਜ਼ੀ ਦੀ ਬਗ਼ਾਵਤ ਤੇ ਸਿਆਸਤ ਦੀ ਨਵੀਂ ਤਸਵੀਰ



ਪਿਛਲੇ ਇੱਕ ਹਫ਼ਤੇ ਦੌਰਾਨ ਦੇਸ਼ ਭਰ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਪੂਰੇ ਮੁਲਕ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਅਤੇ ਇਸ ਵਿੱਚ ਸਫ਼ਲ ਵੀ ਰਹੇ ਹਨ। ਉਨ੍ਹਾਂ ਨੇ ਡਰ 'ਤੇ ਕਾਬੂ ਪਾਉਂਦਿਆਂ ਅਤੇ ਆਪਣੀਆਂ ਚਿੰਤਾਵਾਂ ਲਾਂਭੇ ਰੱਖਦਿਆਂ ਭੁੱਖ ਹੜਤਾਲਾਂ ਕੀਤੀਆਂ, ਰੋਸ ਮਾਰਚ ਕੱਢੇ, ਖ਼ੁਦ 'ਤੇ ਹੱਸੇ, ਅੰਬੇਡਕਰ, ਗਾਂਧੀ ਤੇ ਚੀ ਗਵੇਰਾ ਦੀਆਂ ਤਸਵੀਰਾਂ ਹੱਥਾਂ 'ਚ ਲਹਿਰਾਈਆਂ ਅਤੇ ਸਭ ਤੋਂ ਵੱਡੀ ਗੱਲ ਸਮੁੱਚੇ ਸਿਆਸੀ ਤਬਕੇ ਨੂੰ ਚੌਕਸ ਕਰ ਦਿੱਤਾ।

ਕਾਂਗਰਸ ਵੀ ਪੂਰੇ ਉਤਸ਼ਾਹ ਵਿੱਚ ਹੈ। ਰਾਹੁਲ ਗਾਂਧੀ ਨੇ ਤਾਂ ਇਸੇ ਹਫ਼ਤੇ ਦੇ ਸ਼ੁਰੂ ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਰਿਹਾਇਸ਼ ਅੱਗੇ ਧਰਨਾ ਵੀ ਦਿੱਤਾ, ਜਿੱਥੋਂ ਉਨ੍ਹਾਂ ਅਤੇ ਪ੍ਰਿਅੰਕਾ ਨੂੰ ਹਿਰਾਸਤ ਵਿੱਚ ਲੈ ਕੇ ਕੁਝ ਸਮੇਂ ਲਈ ਦੋ ਵੱਖ-ਵੱਖ ਥਾਣਿਆਂ ਵਿੱਚ ਰੱਖਿਆ ਗਿਆ। ਵੀਰਵਾਰ ਸ਼ਾਮ ਤੱਕ 'ਇੰਡੀਆ' ਗੱਠਜੋੜ (ਜਿੰਨਾ ਕੁ ਵੀ ਇਹ ਬਾਕੀ ਬਚਿਆ ਹੈ) ਇੱਕਜੁੱਟ ਹੋਇਆ ਅਤੇ ਇੱਕ ਬੱਸ ਵਿੱਚ ਸਵਾਰ ਹੋ ਕੇ 'ਗਾਂਧੀ ਸਮ੍ਰਿਤੀ' ਵੱਲ ਰਵਾਨਾ ਹੋ ਗਿਆ। ਜੇਕਰ ਅੰਦੋਲਨ ਕਰ ਰਹੇ ਵਿਦਿਆਰਥੀਆਂ ਦੀ ਪਹਿਲੀ ਸਫ਼ਲਤਾ ਮੋਦੀ ਸਰਕਾਰ ਖ਼ਿਲਾਫ਼ ਆਪਣੇ ਮਹੀਨਾ ਭਰ ਚੱਲੇ ਸੰਘਰਸ਼ ਨੂੰ ਨਿਰੰਤਰ ਜਾਰੀ ਰੱਖਣਾ ਰਹੀ ਹੈ ਤਾਂ ਦੂਜੀ ਵੱਡੀ ਪ੍ਰਾਪਤੀ ਵਿਰੋਧੀ ਧਿਰ ਦੇ ਨੇਤਾ ਦਾ ਧਿਆਨ ਇਸ ਪਾਸੇ ਕੇਂਦਰਿਤ ਕਰਵਾਉਣਾ ਹੈ। ਇਹ ਦੂਜੀ ਪ੍ਰਾਪਤੀ ਵੀ ਕੋਈ ਛੋਟੀ-ਮੋਟੀ ਗੱਲ ਨਹੀਂ ਹੈ। ਰਾਹੁਲ ਨੇ 'ਨੀਟ' (ਓਓਠ) ਮਾਮਲੇ 'ਤੇ ਵਿਦਿਆਰਥੀਆਂ ਦੇ ਹੱਕ 'ਚ ਪ੍ਰਦਰਸ਼ਨ ਕਰਨ ਦਾ ਵਾਅਦਾ ਕੀਤਾ ਸੀ, ਪਰ ਫਿਰ ਉਹ ਆਪਣੀਆਂ ਗਰਮੀਆਂ ਦੀਆਂ ਛੁੱਟੀਆਂ ਬਿਤਾਉਣ ਲਈ ਚਲੇ ਗਏ।

ਉਹ ਇੱਕ ਮਹੀਨੇ ਬਾਅਦ ਵਾਪਸ ਪਰਤੇ ਤਾਂ ਉਨ੍ਹਾਂ ਨੂੰ ਇਹ ਅਹਿਸਾਸ ਹੋਇਆ ਕਿ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ 'ਛਾਤਰੋਂ ਕੀ ਗੂੰਜ' ਪ੍ਰੋਗਰਾਮਾਂ ਦਾ ਉਹ ਅਸਰ ਨਹੀਂ ਹੋ ਰਿਹਾ ਸੀ। ਇਸ ਇੱਕ ਮਹੀਨੇ ਦੌਰਾਨ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਕਾਂਗਰਸ ਦੀ ਸਿਆਸਤ ਠੱਪ ਪਈ ਰਹੀ ਅਤੇ ਪਾਰਟੀ ਦੇ ਕਿਸੇ ਵੀ ਹੋਰ ਆਗੂ ਨੇ ਇਸ ਪਾਸੇ ਧਿਆਨ ਦੇਣ ਦੀ ਜ਼ਹਿਮਤ ਨਹੀਂ ਉਠਾਈ। ਇਸੇ ਦੌਰਾਨ ਸੰਘਰਸ਼ ਦਾ ਕੇਂਦਰ ਬਿੰਦੂ ਦਿੱਲੀ ਦੇ ਦਿਲ 'ਜੰਤਰ-ਮੰਤਰ' ਵਿੱਚ ਤਬਦੀਲ ਹੋ ਚੁੱਕਾ ਸੀ। ਵੀਹ ਜੁਲਾਈ ਦੇ ਸੰਸਦ ਮਾਰਚ ਨੇ ਇਸ ਗੱਲ 'ਤੇ ਪੱਕੀ ਮੋਹਰ ਲਾ ਦਿੱਤੀ। 2014 ਤੋਂ ਬਾਅਦ ਪਹਿਲੀ ਵਾਰ ਹੋਇਆ ਹੈ ਕਿ ਵਿਰੋਧੀ ਧਿਰ ਦੇ ਸੰਕਲਪ ਵਿੱਚ ਜਾਨ ਫੂਕਣ ਦੇ ਮਾਮਲੇ ਵਿੱਚ ਸੜਕੀ ਸੰਘਰਸ਼ ਸਿਆਸੀ ਪਾਰਟੀਆਂ ਤੋਂ ਵੀ ਅੱਗੇ ਲੰਘ ਗਿਆ ਹੈ। ਜਿਵੇਂ 2011 ਵਿੱਚ ਲੋਕਪਾਲ ਲਈ ਅੰਨਾ ਹਜ਼ਾਰੇ ਦਾ ਅੰਦੋਲਨ ਹੋਇਆ ਸੀ, ਉਸੇ ਤਰ੍ਹਾਂ 2012 ਦਾ 'ਨਿਰਭਯਾ' ਅੰਦੋਲਨ ਹੁਣ ਇੱਕ ਧੁੰਦਲੀ ਯਾਦ ਬਣ ਕੇ ਰਹਿ ਗਿਆ ਹੈ, ਜਦੋਂ ਬੱਸ ਵਿੱਚ ਲੜਕੀ ਨਾਲ ਹੋਏ ਸਮੂਹਿਕ ਜਬਰ-ਜਨਾਹ ਦਾ ਰੋਸ ਜਤਾ ਰਹੀਆਂ ਦਿੱਲੀ ਦੀਆਂ ਔਰਤਾਂ 'ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ ਸਨ। ਨਾ ਹੀ 2020 ਦੇ ਨਾਗਰਿਕਤਾ ਸੋਧ ਕਾਨੂੰਨ ਵਿਰੋਧੀ ਪ੍ਰਦਰਸ਼ਨ ਨੂੰ ਇਸ ਵਿੱਚ ਗਿਣਿਆ ਜਾ ਸਕਦਾ ਹੈ ਕਿਉਂਕਿ ਉਹ ਹਿੰਦੂ-ਮੁਸਲਿਮ ਫ਼ਸਾਦਾਂ ਦੀ ਭੇਟ ਚੜ੍ਹ ਗਿਆ ਸੀ ਅਤੇ ਉਸ ਵਿੱਚ 53 ਲੋਕ ਮਾਰੇ ਗਏ ਸਨ। ਦੂਜੇ ਪਾਸੇ, ਸੋਮਵਾਰ ਦੇ ਮਾਰਚ ਵਿੱਚ ਪੈਲੇਟ ਗੰਨ ਦੇ ਛੱਰ੍ਹਿਆਂ ਵਾਲੀਆਂ ਸੱਟਾਂ ਕਾਰਨ ਦਿੱਲੀ ਵਿੱਚ ਕਸ਼ਮੀਰ ਵਰਗੇ ਹਾਲਾਤ ਦੀ ਝਲਕ ਦੇਖਣ ਨੂੰ ਮਿਲੀ। ਇਸ ਦੇ ਨਾਲ-ਨਾਲ ਪੱਥਰਬਾਜ਼ੀ, ਅੱਥਰੂ ਗੈਸ ਅਤੇ ਲਾਠੀਚਾਰਜ ਵੀ ਹੋਇਆ ਪਰ ਇਸ ਸਭ ਦੇ ਬਾਵਜੂਦ ਵਿਦਿਆਰਥੀਆਂ ਨੇ ਆਪਣੀ ਉਮਰ ਤੋਂ ਕਿਤੇ ਵੱਧ ਹੌਸਲੇ ਅਤੇ ਸੰਜਮ ਦਾ ਮੁਜ਼ਾਹਰਾ ਕੀਤਾ। ਪੁਲੀਸ ਵਾਲਿਆਂ ਤੋਂ ਬੇਰਹਿਮੀ ਨਾਲ ਕੁੱਟ ਖਾ ਰਹੇ ਇੱਕ ਨੌਜਵਾਨ ਦੀ ਵੀਡੀਓ, ਜਿਸ ਵਿੱਚ ਉਹ ਆਖ ਰਿਹਾ ਹੈ "ਹੋਰ ਮਾਰੋ, ਹੋਰ ਮਾਰੋ" ਨੌਜਵਾਨਾਂ ਦੀ ਇਸ ਅਦੁੱਤੀ ਲਹਿਰ ਦਾ ਪ੍ਰਤੀਕ ਬਣ ਗਈ ਹੈ ਜਿਨ੍ਹਾਂ ਨੇ ਸੰਵਿਧਾਨ ਦੀਆਂ ਕਾਪੀਆਂ ਨੂੰ ਆਪਣੀਆਂ ਢਾਲਾਂ ਵਜੋਂ ਵਰਤਿਆ ਹੈ।

ਭਾਰਤ ਦੀ ਨਵੀਂ ਪੀੜ੍ਹੀ (ਘਣਨਗ਼) ਨੂੰ ਇਹ ਸਮਝ ਆ ਗਿਆ ਹੈ ਕਿ ਜੇ ਹਜ਼ਾਰਾਂ ਲੋਕ ਇਕੱਠੇ ਹੋ ਕੇ ਡਟ ਜਾਣ ਤਾਂ ਬਗ਼ਾਵਤ ਆਪ ਹੀ ਇੱਕ ਵੱਡਾ ਹਥਿਆਰ ਬਣ ਜਾਂਦੀ ਹੈ। ਇਹ ਗੱਲ ਸੋਸ਼ਲ ਮੀਡੀਆ ਦੀ ਬਿਜਲਈ ਰਫ਼ਤਾਰ ਨਾਲ ਪੂਰੇ ਦੇਸ਼ ਵਿੱਚ ਫੈਲ ਚੁੱਕੀ ਹੈ। ਜੇ ਤੁਸੀਂ ਮਿਜ਼ੋਰਮ ਵਾਂਗ ਰੋਸ ਗੀਤ ਗਾਉਣ ਲੱਗ ਪਵੋ ਜਾਂ ਹੁੱਡੀ ਪਾਈ ਇੱਕ ਮੁਟਿਆਰ ਇਕੱਲੀ ਹੀ ਪ੍ਰਦਰਸ਼ਨਕਾਰੀਆਂ ਨਾਲ ਭਰੀ ਮੁੰਬਈ ਪੁਲੀਸ ਦੀ ਗੱਡੀ ਅੱਗੇ ਅੜ ਕੇ ਖੜ੍ਹ ਜਾਵੇ ਤਾਂ ਅਜਿਹੇ ਵਿੱਚ ਹਕੂਮਤ ਕਰ ਵੀ ਕੀ ਸਕਦੀ ਹੈ? ਜਦੋਂ 'ਇੰਡੀਆ ਟੂਡੇ' ਨੇ ਪੁੱਛਿਆ ਕਿ ਕਿਸੇ ਸਿਆਸੀ ਪਾਰਟੀ ਜ਼ਰੀਏ ਬਦਲਾਅ ਲਿਆਉਣ ਦੀ ਬਜਾਏ ਮੌਜ-ਮਸਤੀ ਲਈ ਜਾਣੀ ਜਾਂਦੀ ਇਹ ਨਵੀਂ ਪੀੜ੍ਹੀ ਆਖ਼ਰਕਾਰ ਹੁਣ ਪਰਵਾਹ ਕਿਉਂ ਕਰਨ ਲੱਗੀ ਹੈ ਤਾਂ ਉਸ ਮੁਟਿਆਰ ਨੇ ਜਵਾਬ ਦਿੱਤਾ, "ਸਾਡੀ ਘਣਨਗ਼ ਵਿੱਚ 'ਗ਼' ਦਾ ਮਤਲਬ 'ਜ਼ਿੱਦੀ' ਹੈ ਅਤੇ ਅਸੀਂ ਇਹੀ ਹਾਂ।" ਇਨ੍ਹਾਂ ਭਾਰਤੀ ਨੌਜਵਾਨਾਂ ਦੀ ਖ਼ਾਸ ਗੱਲ ਇਹ ਹੈ ਕਿ ਇਹ ਨੇਪਾਲ ਅਤੇ ਬੰਗਲਾਦੇਸ਼ ਦੇ ਉਨ੍ਹਾਂ ਨੌਜਵਾਨਾਂ ਵਰਗੇ ਨਹੀਂ ਹਨ, ਜਿਨ੍ਹਾਂ ਨੇ ਪਿਛਲੇ ਦੋ ਸਾਲਾਂ ਦੌਰਾਨ ਆਪਣੀਆਂ ਸਰਕਾਰਾਂ ਦੇ ਤਖ਼ਤੇ ਪਲਟ ਦਿੱਤੇ ਸਨ। ਇਨ੍ਹਾਂ ਨੂੰ ਮੋਦੀ ਨੂੰ ਸੱਤਾ ਤੋਂ ਲਾਂਭੇ ਕਰਨ ਜਾਂ ਕਾਂਗਰਸ ਨੂੰ ਵਾਪਸ ਲਿਆਉਣ ਨਾਲ ਸ਼ਾਇਦ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ। ਇਹ ਤਾਂ ਬੱਸ ਇਸ ਭ੍ਰਿਸ਼ਟ ਅਤੇ ਅੜੀਅਲ ਨਿਜ਼ਾਮ ਤੋਂ ਅੱਕ ਚੁੱਕੇ ਹਨ, ਜੋ ਬਦਲਾਅ ਮੰਨਣ ਨੂੰ ਤਿਆਰ ਹੀ ਨਹੀਂ।

ਇਨ੍ਹਾਂ ਨੌਜਵਾਨਾਂ ਦਾ ਕਹਿਣਾ ਹੈ ਕਿ ਜਦੋਂ ਮੋਦੀ ਜੀ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੇ "ਨਾ ਖਾਊਂਗਾ, ਨਾ ਖਾਨੇ ਦੂੰਗਾ" ਦਾ ਨਾਅਰਾ ਦੇ ਕੇ ਆਸ ਬੰਨ੍ਹਾਈ ਸੀ, ਪਰ ਹਾਲਾਤ ਪਹਿਲਾਂ ਨਾਲੋਂ ਵੀ ਬਦਤਰ ਹੋ ਗਏ ਹਨ। ਘਟਦੇ ਮੌਕਿਆਂ ਅਤੇ ਡਿੱਗਦੀ ਆਮਦਨ ਕਾਰਨ ਨੌਜਵਾਨਾਂ ਵਿੱਚ ਪਹਿਲਾਂ ਹੀ ਡੂੰਘੀ ਨਿਰਾਸ਼ਾ ਸੀ ਅਤੇ ਨੀਟ ਪੇਪਰ ਲੀਕ ਮਾਮਲੇ ਨੇ ਇਸ ਵਿੱਚ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ। ਦੂਜੇ ਪਾਸੇ ਅਮੀਰ ਹੋਰ ਅਮੀਰ ਹੁੰਦੇ ਗਏ। ਨਵੀਂ ਪੀੜ੍ਹੀ ਨੂੰ ਲੱਗਣ ਲੱਗ ਪਿਆ ਕਿ ਉਹ ਬਿਨਾਂ ਕਿਸੇ ਮੰਜ਼ਿਲ ਦੇ ਬੱਸ ਹੱਥ-ਪੈਰ ਹੀ ਮਾਰ ਰਹੀ ਹੈ ਅਤੇ ਸਾਰੇ ਰਸਤੇ ਬੰਦ ਹੋ ਰਹੇ ਹਨ। ਬੇਸ਼ੱਕ, ਭਾਜਪਾ ਵੀ ਨਾ ਚਾਹੁੰਦੇ ਹੋਏ ਇਨ੍ਹਾਂ ਦੇ ਪ੍ਰਭਾਵ ਨੂੰ ਸਵੀਕਾਰ ਕਰ ਰਹੀ ਹੈ। ਹੋਰ ਤਾਂ ਹੋਰ, ਖ਼ੁਦ ਪ੍ਰਧਾਨ ਮੰਤਰੀ ਨੇ ਸ਼ੁੱਕਰਵਾਰ ਅੱਧੀ ਰਾਤ ਤੋਂ ਬਾਅਦ ਇੱਕ ਵੀਡੀਓ-ਸੈਲਫ਼ੀ ਪੋਸਟ ਸਾਂਝੀ ਕਰਦਿਆਂ ਸਿੱਖਿਆ ਸੁਧਾਰਾਂ ਦਾ ਭਰੋਸਾ ਦਿੱਤਾ, ਜਿਸ ਤੋਂ ਬਾਅਦ ਸੋਨਮ ਵਾਂਗਚੁਕ ਨੇ ਆਪਣਾ ਮਰਨ-ਵਰਤ ਖ਼ਤਮ ਕਰ ਦਿੱਤਾ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਸ ਵਿਦਿਆਰਥੀ ਅੰਦੋਲਨ ਨੇ ਕਾਂਗਰਸ ਵਰਗੀਆਂ ਸਿਆਸੀ ਪਾਰਟੀਆਂ ਵਿੱਚ ਨਵੀਂ ਰੂਹ ਫੂਕ ਦਿੱਤੀ ਹੈ, ਜਿਨ੍ਹਾਂ ਦੀ ਸਿਆਸਤ ਭਾਜਪਾ ਦੀ ਚੋਣ ਮਸ਼ੀਨਰੀ ਅੱਗੇ ਦਮ ਤੋੜ ਰਹੀ ਸੀ। ਪਿਛਲੇ ਕੁਝ ਸਮੇਂ ਤੋਂ ਇੱਕ ਤੋਂ ਬਾਅਦ ਇੱਕ ਚੋਣ ਹਾਰਨ ਕਰਕੇ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਦਾ ਆਗੂ ਰਾਹੁਲ ਹੁਣ ਸੱਤਾ ਦਾ ਦਾਅਵੇਦਾਰ ਘੱਟ ਤੇ ਰਾਜ-ਗੱਦੀ ਦਾ ਮਹਿਜ਼ ਦਿਖਾਵੇਦਾਰ ਜ਼ਿਆਦਾ ਨਜ਼ਰ ਆਉਣ ਲੱਗ ਪਿਆ ਸੀ। ਲੱਗਦਾ ਇਹੀ ਸੀ ਕਿ ਕਾਂਗਰਸ ਭਾਜਪਾ ਦੀ ਦੁਖਦੀ ਰਗ਼ ਲੱਭਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਭਾਜਪਾ ਵਾਂਗ ਕਾਂਗਰਸ ਨੂੰ ਵੀ ਇਹ ਗੱਲ ਸਮਝ ਆ ਗਈ ਹੈ ਕਿ ਨਿਰਾਸ਼ਾ ਵਿੱਚੋਂ ਨਿਕਲੀ ਵਿਦਿਆਰਥੀਆਂ ਦੀ ਇਹ ਬਗ਼ਾਵਤ ਪੂਰੇ ਦੇਸ਼ ਦੇ ਮਨਾਂ 'ਤੇ ਛਾ ਗਈ ਹੈ। ਜੇ ਅਜਿਹਾ ਨਾ ਹੁੰਦਾ ਤਾਂ ਅਣਪਛਾਤੇ ਲੋਕ ਜੰਤਰ-ਮੰਤਰ 'ਤੇ ਲਗਾਤਾਰ ਖਾਣ-ਪੀਣ ਦਾ ਸਾਮਾਨ ਕਿਉਂ ਭੇਜਦੇ? ਇਹੋ ਵਜ੍ਹਾ ਹੈ ਕਿ ਕਰਾਚੀ ਤੋਂ ਲੈ ਕੇ ਕਨੈਕਟੀਕਟ ਤੱਕ ਸੋਸ਼ਲ ਮੀਡੀਆ 'ਤੇ ਲੋਕ ਇਨ੍ਹਾਂ ਨੌਜਵਾਨਾਂ ਦੀ ਹਿੰਮਤ ਦੀ ਦਾਦ ਦੇ ਰਹੇ ਹਨ, ਜੋ ਸਮਾਜ ਦੇ ਸਭ ਤੋਂ ਹੇਠਲੇ ਪੱਧਰ 'ਤੇ ਹੋਣ ਦੇ ਬਾਵਜੂਦ ਨਿਡਰਤਾ ਨਾਲ ਡਟੇ ਹੋਏ ਹਨ। (ਪਾਕਿਸਤਾਨੀ ਇਹ ਸਭ ਹੈਰਾਨੀ ਨਾਲ ਦੇਖ ਰਹੇ ਹਨ ਅਤੇ ਸਵਾਲ ਕਰ ਰਹੇ ਹਨ ਕਿ ਉਨ੍ਹਾਂ ਵਿੱਚ ਆਪਣੀ ਫ਼ੌਜ ਨੂੰ ਲਲਕਾਰਨ ਦਾ ਜੇਰਾ ਕਿਉਂ ਨਹੀਂ, ਜੋ ਵਿਰੋਧ ਕਰਨ ਵਾਲੇ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਲਗਾਤਾਰ ਚੁੱਕ ਕੇ ਗਾਇਬ ਕਰਦੀ ਆ ਰਹੀ ਹੈ।)

ਸੋਨਮ ਵਾਂਗਚੁਕ ਵੱਲੋਂ ਮਰਨ-ਵਰਤ ਖ਼ਤਮ ਕਰਨ ਨਾਲ ਹੀ ਜੰਤਰ-ਮੰਤਰ ਦਾ ਇਹ ਅੰਦੋਲਨ ਹੁਣ ਅਗਲੇ ਪੜਾਅ ਵਿੱਚ ਦਾਖ਼ਲ ਹੋ ਜਾਵੇਗਾ। ਪ੍ਰਧਾਨ ਮੰਤਰੀ ਵੱਲੋਂ ਵਿਦਿਆਰਥੀਆਂ ਨੂੰ ਦਿੱਤਾ ਨਿੱਜੀ ਹੁੰਗਾਰਾ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ, ਭਾਵੇਂ ਕਿ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਫਿਲਹਾਲ ਇਸ ਚਰਚਾ ਦਾ ਹਿੱਸਾ ਨਹੀਂ ਸੀ। ਪ੍ਰਧਾਨ ਮੰਤਰੀ ਚਾਹੁਣਗੇ ਕਿ ਇਹ ਬਹਿਸ ਵਾਪਸ ਸੰਸਦ ਵਿੱਚ ਪਰਤੇ ਜਿੱਥੇ ਭਾਜਪਾ ਸਥਿਤੀ ਨੂੰ ਆਪਣੇ ਹਿਸਾਬ ਨਾਲ ਚਲਾ ਸਕਦੀ ਹੈ। ਦੂਜੇ ਪਾਸੇ ਰਾਹੁਲ ਗਾਂਧੀ ਇਹ ਗੱਲ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਕਿ ਜੇਕਰ ਉਹ ਅਤੇ ਉਨ੍ਹਾਂ ਦੀ ਪਾਰਟੀ ਸੜਕੀ ਸੰਘਰਸ਼ ਵਿੱਚ ਡਟੇ ਰਹਿੰਦੇ ਹਨ ਤਾਂ ਉਹ ਆਪਣਾ ਪੱਖ ਲੋਕਾਂ ਤੱਕ ਵਧੇਰੇ ਅਸਰਦਾਰ ਢੰਗ ਨਾਲ ਪਹੁੰਚਾ ਸਕਦੇ ਹਨ।

ਭਾਵੇਂ ਇਹ ਪ੍ਰਦਰਸ਼ਨ ਹੌਲੀ-ਹੌਲੀ ਮੱਧਮ ਪੈ ਜਾਣ, ਪਰ ਇਸ ਉਬਾਲ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਕਾਂਗਰਸ ਅਗਲਾ ਕੀ ਕਦਮ ਚੁੱਕਦੀ ਹੈ, ਇਹ ਬਹੁਤ ਅਹਿਮ ਹੋਵੇਗਾ। ਹੁਣ ਸਭ ਦੀਆਂ ਨਜ਼ਰਾਂ ਰਾਹੁਲ ਗਾਂਧੀ 'ਤੇ ਟਿਕੀਆਂ ਹੋਈਆਂ ਹਨ ਕਿ ਕੀ ਉਹ ਜੰਤਰ-ਮੰਤਰ 'ਤੇ ਵਿਦਿਆਰਥੀਆਂ ਦੁਆਰਾ ਲਾਈ ਇਸ ਚਿਣਗ ਨੂੰ ਸੰਭਾਲ ਕੇ ਇਸ ਨੂੰ ਆਪਣੇ ਸਿਆਸੀ ਫ਼ਾਇਦੇ ਲਈ ਵਰਤਣ ਵਿੱਚ ਕਾਮਯਾਬ ਹੁੰਦੇ ਹਨ ਜਾਂ ਨਹੀਂ।

# ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਦਾ ਪ੍ਰਤੀਕ ਸ਼ਹੀਦ ਊਧਮ ਸਿੰਘ

ਅਸੀਂ ਹਰ ਸਾਲ 31 ਜੁਲਾਈ ਨੂੰ ਆਪਣੇ ਮਹਾਨ ਸ਼ਹੀਦ ਸਰਦਾਰ ਊਧਮ ਸਿੰਘ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦੇ ਹਾਂ। ਉਸ ਦਾ ਜੀਵਨ ਸਿਰਫ਼ ਇੱਕ ਆਜ਼ਾਦੀ ਘੁਲਾਟੀਏ ਦੀ ਕਹਾਣੀ ਨਹੀਂ ਸਗੋਂ ਇਨਸਾਫ਼, ਸਵੈ-ਮਾਣ, ਧਾਰਮਿਕ ਏਕਤਾ ਅਤੇ ਮਨੁੱਖੀ ਅਧਿਕਾਰਾਂ ਲਈ ਅਟੱਲ ਸੰਘਰਸ਼ ਦਾ ਪ੍ਰਤੀਕ ਹੈ। ਜੀਵਨ ਦੀਆਂ ਸ਼ੁਰੂਆਤੀ ਮੁਸ਼ਕਿਲਾਂ ਅਤੇ ਸਖ਼ਤ ਤਜਰਬਿਆਂ ਨੇ ਉਸ ਦੇ ਮਨ 'ਚ ਅਨਿਆਂ, ਜ਼ੁਲਮ ਅਤੇ ਗ਼ੁਲਾਮੀ ਵਿਰੁੱਧ ਸੰਘਰਸ਼ ਦੀ ਪ੍ਰਬਲ ਭਾਵਨਾ ਪੈਦਾ ਕੀਤੀ। ਇਸੇ ਜਜ਼ਬੇ ਸਦਕਾ ਉਹ ਆਜ਼ਾਦੀ ਸੰਘਰਸ਼ ਦੇ ਸਭ ਤੋਂ ਸਾਹਸੀ ਅਤੇ ਅਮਰ ਇਨਕਲਾਬੀਆਂ ਵਿੱਚੋਂ ਇੱਕ ਹਨ।

13 ਅਪਰੈਲ 1919 ਨੂੰ ਅੰਮ੍ਰਿਤਸਰ ਦੇ ਜੱਲ੍ਹਿਆਂਵਾਲੇ ਬਾਗ਼ ਦਾ ਸਾਕਾ ਊਧਮ ਸਿੰਘ ਦੇ ਜੀਵਨ ਦਾ ਨਿਰਣਾਇਕ ਮੋੜ ਸਾਬਿਤ ਹੋਇਆ, ਜਿਸ ਨੇ ਉਸ ਦੀ ਸੋਚ, ਸ਼ਖ਼ਸੀਅਤ ਅਤੇ ਜੀਵਨ ਦੇ ਉਦੇਸ਼ ਨੂੰ ਸਦਾ ਲਈ ਬਦਲ ਦਿੱਤਾ। ਉਸ ਨੇ ਇਸ ਜ਼ੁਲਮ ਨੂੰ ਸਿਰਫ਼ ਇੱਕ ਦੁਖਦਾਈ ਘਟਨਾ ਜਾਂ ਪ੍ਰਸ਼ਾਸਨਿਕ ਨਾਕਾਮੀ ਵਜੋਂ ਨਹੀਂ ਦੇਖਿਆ ਸਗੋਂ ਇਸ ਨੂੰ ਬੇਦੋਸ਼ੇ ਲੋਕਾਂ ਦੇ ਸਵੈਮਾਣ, ਆਜ਼ਾਦੀ ਅਤੇ ਬੁਨਿਆਦੀ ਮਨੁੱਖੀ ਅਧਿਕਾਰਾਂ 'ਤੇ ਕੀਤਾ ਗਿਆ ਯੋਜਨਾਬੱਧ ਅਤੇ ਅਣਮਨੁੱਖੀ ਹਮਲਾ ਮੰਨਿਆ। ਇਸ ਘਟਨਾ ਨੇ ਉਸ ਦੇ ਮਨ 'ਚ ਇਹ ਅਟੱਲ ਵਿਸ਼ਵਾਸ ਪੈਦਾ ਕਰ ਦਿੱਤਾ ਕਿ ਅਜਿਹੇ ਘੋਰ ਅੱਤਿਆਚਾਰ ਦੇ ਜ਼ਿੰਮੇਵਾਰ ਵਿਅਕਤੀਆਂ ਨੂੰ ਇਤਿਹਾਸ ਅਤੇ ਇਨਸਾਫ਼ ਦੇ ਕਟਹਿਰੇ ਵਿੱਚ ਜ਼ਰੂਰ ਖੜ੍ਹਾ ਕੀਤਾ ਜਾਣਾ ਚਾਹੀਦਾ ਹੈ। ਇਸੇ ਦ੍ਰਿੜ੍ਹ ਵਿਸ਼ਵਾਸ ਨਾਲ ਉਸ ਨੇ ਪੰਜਾਬ ਦੇ ਸਾਬਕਾ ਲੈਫਟੀਨੈਂਟ ਗਵਰਨਰ ਮਾਈਕਲ ਓ'ਡਵਾਇਰ, ਜਿਸ ਨੂੰ ਉਹ ਇਸ ਖ਼ੂਨੀ ਕਾਂਡ ਦਾ ਮੁੱਖ ਜ਼ਿੰਮੇਵਾਰ ਮੰਨਦਾ ਸੀ, ਨੂੰ ਉਸ ਦੇ ਅਪਰਾਧ ਦੀ ਸਜ਼ਾ ਦੇਣ ਦੀ ਸਹੁੰ ਚੁੱਕੀ। ਇੱਕੀ ਸਾਲ ਉਸ ਨੇ ਅਸਾਧਾਰਨ ਧੀਰਜ, ਦ੍ਰਿੜ੍ਹ ਇਰਾਦੇ ਅਤੇ ਅਟੱਲ ਨਿਸ਼ਚੇ ਨਾਲ ਆਪਣੇ ਮਕਸਦ ਨੂੰ ਜਿਉਂਦਾ ਰੱਖਿਆ। ਇਸ ਸਮੇਂ ਦੌਰਾਨ ਉਹ ਵੱਖ-ਵੱਖ ਦੇਸ਼ਾਂ ਵਿੱਚ ਰਿਹਾ, ਅਨੇਕਾਂ ਮੁਸ਼ਕਿਲਾਂ ਝੱਲੀਆਂ ਅਤੇ ਜੋਖ਼ਮਾਂ ਦਾ ਸਾਹਮਣਾ ਕੀਤਾ, ਪਰ ਆਪਣੇ ਸੰਕਲਪ ਤੋਂ ਡੋਲਿਆ ਨਹੀਂ। ਅਖ਼ੀਰ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ 'ਚ ਇੱਕ ਜਨਤਕ ਸਮਾਗਮ ਦੌਰਾਨ ਉਸ ਨੇ ਮਾਈਕਲ ਓ'ਡਵਾਇਰ ਨੂੰ ਗੋਲੀ ਮਾਰ ਕੇ ਜੱਲ੍ਹਿਆਂਵਾਲਾ ਬਾਗ਼ ਦੇ ਬੇਦੋਸ਼ੇ ਲੋਕਾਂ ਨਾਲ ਮਨ ਹੀ ਮਨ ਕੀਤਾ ਆਪਣਾ ਪ੍ਰਣ ਪੂਰਾ ਕੀਤਾ।



ਊਧਮ ਸਿੰਘ ਹੱਸਦਾ-ਹੱਸਦਾ ਫਾਂਸੀ ਦੇ ਰੱਸੇ ਨੂੰ ਚੁੰਮ ਕੇ ਸ਼ਹਾਦਤ ਦੇ ਰਾਹ 'ਤੇ ਤੁਰ ਪਿਆ, ਪਰ ਉਸ ਦੇ ਵਿਚਾਰਾਂ, ਸਾਹਸ ਅਤੇ ਕੁਰਬਾਨੀ ਦੇ ਜਜ਼ਬੇ ਨੂੰ ਮੌਤ ਵੀ ਹਰਾ ਨਾ ਸਕੀ। ਉਸ ਦੀ ਮਹਾਨ ਸ਼ਖ਼ਸੀਅਤ ਦਾ ਸਭ ਤੋਂ ਵਿਲੱਖਣ, ਦੂਰਅੰਦੇਸ਼ ਅਤੇ ਪ੍ਰੇਰਣਾਦਾਇਕ ਪੱਖ ਉਸ ਵੱਲੋਂ ਅਪਣਾਇਆ ਗਿਆ ਨਾਮ 'ਰਾਮ ਮੁਹੰਮਦ ਸਿੰਘ ਆਜ਼ਾਦ' ਸੀ।

ਇਹ ਨਾਮ ਸਿਰਫ਼ ਉਸ ਦੀ ਨਿੱਜੀ ਪਛਾਣ ਨਹੀਂ ਸੀ ਸਗੋਂ ਹਿੰਦੋਸਤਾਨ ਦੀ ਸਾਂਝੀ ਸੱਭਿਆਚਾਰਕ ਵਿਰਾਸਤ, ਧਾਰਮਿਕ ਸਹਿਣਸ਼ੀਲਤਾ ਅਤੇ ਰਾਸ਼ਟਰੀ ਏਕਤਾ ਦਾ ਇੱਕ ਜੀਵੰਤ ਐਲਾਨ ਸੀ। ਭਾਵੇਂ ਸ਼ਹੀਦ ਊਧਮ ਸਿੰਘ ਨੇ ਪੇਸ਼ੇਵਰ ਪੱਤਰਕਾਰ ਵਜੋਂ ਕਦੇ ਕੰਮ ਨਹੀਂ ਕੀਤਾ, ਪਰ ਉਸ ਦਾ ਜੀਵਨ, ਵਿਚਾਰ ਅਤੇ ਸੰਘਰਸ਼ ਪੱਤਰਕਾਰੀ ਦੇ ਇਤਿਹਾਸ ਅਤੇ ਉਸ ਦੇ ਮੂਲ ਆਦਰਸ਼ਾਂ ਨਾਲ ਡੂੰਘੇ ਤੌਰ 'ਤੇ ਜੁੜਿਆ ਹੋਇਆ ਹੈ। ਲੰਡਨ ਵਿੱਚ ਆਪਣੇ ਨਿਵਾਸ ਦੌਰਾਨ ਉਹ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਨਾਲ ਸਬੰਧਿਤ ਸਾਹਿਤ, ਇਨਕਲਾਬੀ ਲਿਖਤਾਂ ਅਤੇ ਸਮਕਾਲੀ ਅਖ਼ਬਾਰਾਂ ਦਾ ਗੰਭੀਰਤਾ ਨਾਲ ਅਧਿਐਨ ਕਰਦਾ ਰਿਹਾ। ਉਹ ਇਸ ਗੱਲ ਨੂੰ ਭਲੀ-ਭਾਂਤ ਸਮਝਦਾ ਸੀ ਕਿ ਵਿਚਾਰਾਂ ਦੀ ਲੜਾਈ ਸਿਰਫ਼ ਹਥਿਆਰਾਂ ਨਾਲ ਨਹੀਂ ਸਗੋਂ ਕਲਮ, ਸੱਚ, ਤੱਥਾਂ ਅਤੇ ਜਨ-ਚੇਤਨਾ ਰਾਹੀਂ ਵੀ ਲੜੀ ਜਾਂਦੀ ਹੈ। ਇਸੇ ਲਈ ਉਹ ਜਨਮਤ ਦੀ ਸ਼ਕਤੀ ਅਤੇ ਪੱਤਰਕਾਰੀ ਦੀ ਸਮਾਜਿਕ ਭੂਮਿਕਾ ਨੂੰ ਬਹੁਤ ਮਹੱਤਵ ਦਿੰਦਾ ਸੀ।

ਅਖ਼ਬਾਰਾਂ ਵਿੱਚ ਡੂੰਘੀ ਦਿਲਚਸਪੀ ਰੱਖਣ ਦੇ ਨਾਲ-ਨਾਲ ਇੰਗਲੈਂਡ ਵਿੱਚ ਆਪਣੀ ਠਾਹਰ ਦੌਰਾਨ ਉਸ ਨੇ ਕੁਝ ਸਮੇਂ ਲਈ ਫਿਲਮਾਂ ਵਿੱਚ ਸਹਾਇਕ ਅਦਾਕਾਰ ਵਜੋਂ ਕੰਮ ਕੀਤਾ। ਇਹ ਕੰਮ ਉਸ ਨੇ ਮੁੱਖ ਤੌਰ 'ਤੇ ਆਪਣਾ ਗੁਜ਼ਾਰਾ ਕਰਨ ਅਤੇ ਆਪਣੀਆਂ ਇਨਕਲਾਬੀ ਗਤੀਵਿਧੀਆਂ ਨੂੰ ਗੁਪਤ ਰੱਖਣ ਦੇ ਉਦੇਸ਼ ਨਾਲ ਕੀਤਾ। ਹਾਲਾਂਕਿ ਉਹ ਕਿਸੇ ਵੀ ਫਿਲਮ ਵਿੱਚ ਮੁੱਖ ਭੂਮਿਕਾ 'ਚ ਨਜ਼ਰ ਨਹੀਂ ਆਇਆ, ਪਰ ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਉਹ ਬਰਤਾਨਵੀ ਫਿਲਮਾਂ ਦੇ ਭੀੜ ਵਾਲੇ ਦ੍ਰਿਸ਼ਾਂ ਵਿੱਚ ਸਹਾਇਕ ਕਲਾਕਾਰ ਵਜੋਂ ਸ਼ਾਮਿਲ ਹੋਇਆ ਸੀ। ਉਸ ਨਾਲ ਸਬੰਧਿਤ ਕੁਝ ਫਿਲਮਾਂ ਦੀਆਂ ਤਸਵੀਰਾਂ ਅਤੇ ਦ੍ਰਿਸ਼ ਅੱਜ ਵੀ ਇੰਟਰਨੈੱਟ 'ਤੇ ਉਪਲਬਧ ਹਨ, ਜੋ ਉਸ ਦੇ ਜੀਵਨ ਦੇ ਇਸ ਘੱਟ-ਚਰਚਿਤ ਪੱਖ ਦੀ ਪੁਸ਼ਟੀ ਕਰਨ ਵਾਲੇ ਅਹਿਮ ਸਰੋਤ ਮੰਨੇ ਜਾਂਦੇ ਹਨ।

ਮਾਈਕਲ ਓ'ਡਵਾਇਰ ਦੀ ਹੱਤਿਆ ਤੋਂ ਬਾਅਦ ਊਧਮ ਸਿੰਘ ਕੌਮਾਂਤਰੀ ਮੀਡੀਆ ਦੀਆਂ ਸੁਰਖ਼ੀਆਂ ਬਣਿਆ। ਬਰਤਾਨਵੀ ਅਖ਼ਬਾਰਾਂ ਨੇ ਇਸ ਘਟਨਾ ਨੂੰ ਆਪਣੇ ਰਾਜਨੀਤਕ ਨਜ਼ਰੀਏ ਤੋਂ ਪੇਸ਼ ਕੀਤਾ ਜਦੋਂਕਿ ਹਿੰਦੋਸਤਾਨੀ ਅਖ਼ਬਾਰਾਂ ਨੇ ਇਸ ਨੂੰ ਜੱਲ੍ਹਿਆਂਵਾਲਾ ਬਾਗ਼ ਦੇ ਬੇਦੋਸ਼ੇ ਸ਼ਹੀਦਾਂ ਲਈ ਇਨਸਾਫ਼ ਦੀ ਪ੍ਰਤੀਕਾਤਮਕ ਕਾਰਵਾਈ ਵਜੋਂ ਦਰਸਾਇਆ। ਇਸ ਘਟਨਾ ਨੇ ਵਿਸ਼ਵ ਭਰ ਦਾ ਧਿਆਨ ਇੱਕ ਵਾਰ ਫਿਰ ਭਾਰਤ ਦੇ ਆਜ਼ਾਦੀ ਦੇ ਸੰਘਰਸ਼ ਅਤੇ ਬਰਤਾਨਵੀ ਹਕੂਮਤ ਦੀਆਂ ਦਮਨਕਾਰੀ ਨੀਤੀਆਂ ਵੱਲ ਖਿੱਚਿਆ। ਉਨ੍ਹਾਂ ਦੀ ਗ੍ਰਿਫ਼ਤਾਰੀ, ਅਦਾਲਤੀ ਕਾਰਵਾਈ ਅਤੇ ਖ਼ਾਸ ਤੌਰ 'ਤੇ ਅਦਾਲਤ 'ਚ ਦਿੱਤੇ ਗਏ ਨਿਡਰ ਅਤੇ ਸਿਧਾਂਤਕ ਬਿਆਨਾਂ ਨੇ ਦੁਨੀਆ ਭਰ ਦੇ ਪਾਠਕਾਂ ਅਤੇ ਵਿਚਾਰਕਾਂ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਦੇ ਇਤਿਹਾਸਕ ਬਿਆਨ ਅਖ਼ਬਾਰਾਂ ਅਤੇ ਰਸਾਲਿਆਂ ਰਾਹੀਂ ਸੰਸਾਰ ਦੇ ਅਨੇਕਾਂ ਦੇਸ਼ਾਂ ਤੱਕ ਪਹੁੰਚੇ ਅਤੇ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਨਵੀਂ ਅੰਤਰਰਾਸ਼ਟਰੀ ਪਛਾਣ ਅਤੇ ਹਮਦਰਦੀ ਪ੍ਰਾਪਤ ਹੋਈ।

ਅੱਜ ਵੀ ਇਹ ਬਿਆਨ ਇਤਿਹਾਸ, ਰਾਜਨੀਤੀ ਅਤੇ ਪੱਤਰਕਾਰੀ ਦੇ ਵਿਦਿਆਰਥੀਆਂ ਲਈ ਮਹੱਤਵਪੂਰਨ ਦਸਤਾਵੇਜ਼ ਮੰਨੇ ਜਾਂਦੇ ਹਨ। ਪੱਤਰਕਾਰੀ ਦਾ ਮੂਲ ਉਦੇਸ਼ ਸੱਚ ਨੂੰ ਨਿਡਰਤਾ ਨਾਲ ਲੋਕਾਂ ਤੱਕ ਪਹੁੰਚਾਉਣਾ, ਜ਼ੁਲਮ ਨੂੰ ਬੇਨਕਾਬ ਕਰਨਾ, ਜਨਮਤ ਨੂੰ ਜਾਗਰੂਕ ਕਰਨਾ ਅਤੇ ਲੋਕਤੰਤਰੀ ਮੁੱਲਾਂ ਦੀ ਰੱਖਿਆ ਕਰਨਾ ਹੈ। ਇਸ ਸੰਦਰਭ 'ਚ ਸ਼ਹੀਦ ਊਧਮ ਸਿੰਘ ਦਾ ਜੀਵਨ ਪੱਤਰਕਾਰਾਂ ਅਤੇ ਸੰਚਾਰ ਮਾਧਿਅਮਾਂ ਨਾਲ ਜੁੜੇ ਹਰ ਵਿਅਕਤੀ ਲਈ ਵੀ ਪ੍ਰੇਰਣਾ ਸਰੋਤ ਹੈ। ਅੱਜ, ਜਦੋਂ ਜਾਣਕਾਰੀ ਅਤੇ ਸੰਚਾਰ ਦੇ ਸਰੋਤ ਬੇਹੱਦ ਤੇਜ਼ੀ ਨਾਲ ਬਦਲ ਰਹੇ ਹਨ ਅਤੇ ਡਿਜੀਟਲ ਮਾਧਿਅਮਾਂ ਰਾਹੀਂ ਸੂਚਨਾਵਾਂ ਪਲਾਂ ਵਿੱਚ ਸੰਸਾਰ ਭਰ ਵਿੱਚ ਫੈਲ ਜਾਂਦੀਆਂ ਹਨ, ਤਾਂ ਸ਼ਹੀਦ ਊਧਮ ਸਿੰਘ ਦਾ ਜੀਵਨ ਅਤੇ ਆਦਰਸ਼ ਹੋਰ ਵੀ ਵੱਧ ਪ੍ਰਸੰਗਿਕ ਹੋ ਜਾਂਦੇ ਹਨ, ਜੋ ਸਾਨੂੰ ਸੱਚ ਪ੍ਰਤੀ ਅਡੋਲ ਵਚਨਬੱਧਤਾ, ਸਮਾਜਿਕ ਜ਼ਿੰਮੇਵਾਰੀ, ਧਾਰਮਿਕ ਸਦਭਾਵਨਾ ਅਤੇ ਮਨੁੱਖੀ ਮਰਿਆਦਾ ਦੀ ਰੱਖਿਆ ਦਾ ਸੰਦੇਸ਼ ਦਿੰਦੇ ਹਨ।

## ਸੁਰੱਖਿਆ ਚਿੰਤਾਵਾਂ ਕਾਰਨ ਫ਼ਿਲਹਾਲ ਨਹੀਂ ਖੁੱਲ੍ਹੇਗਾ ਕਰਤਾਰਪੁਰ ਲਾਂਘਾ, ਕੇਂਦਰ ਨੇ ਸਿੱਖ ਜਥੇਬੰਦੀਆਂ ਦੀ ਮੰਗ ਕੀਤੀ ਰੱਦ



**ਨਵੀਂ ਦਿੱਲੀ-** ਕੇਂਦਰ ਸਰਕਾਰ ਨੇ ਮੌਜੂਦਾ ਸੁਰੱਖਿਆ ਹਾਲਾਤਾਂ ਦਾ ਹਵਾਲਾ ਦਿੰਦਿਆਂ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ ਹੈ। ਕੇਂਦਰੀ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਸਿੱਖ ਧਾਰਮਿਕ ਜਥੇਬੰਦੀਆਂ ਅਤੇ ਵੱਖ-ਵੱਖ ਆਗੂਆਂ ਵੱਲੋਂ ਲਾਂਘਾ ਮੁੜ ਸ਼ੁਰੂ ਕਰਨ ਸਬੰਧੀ ਕਈ ਪੱਤਰ ਪ੍ਰਾਪਤ ਹੋਏ ਹਨ, ਪਰ ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਸਰਕਾਰ ਇਸ ਸਬੰਧੀ ਕੋਈ ਸਕਾਰਾਤਮਕ ਫ਼ੈਸਲਾ ਲੈਣ ਦੀ ਸਥਿਤੀ ਵਿੱਚ ਨਹੀਂ ਹੈ।

ਇਹ ਮਾਮਲਾ ਸੰਸਦ ਦੇ ਚੱਲ ਰਹੇ ਮੌਨਸੂਨ ਸੈਸ਼ਨ ਦੌਰਾਨ ਵੀ ਉਠਾਇਆ ਗਿਆ, ਜਿੱਥੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਗੁਰਮੀਤ ਸਿੰਘ ਮੀਤ ਹੇਅਰ ਨੇ ਕੇਂਦਰ ਸਰਕਾਰ ਤੋਂ ਕਰਤਾਰਪੁਰ ਲਾਂਘੇ ਦੀ ਮੌਜੂਦਾ ਸਥਿਤੀ ਬਾਰੇ ਸਵਾਲ ਪੁੱਛੇ ਸਨ। ਇਸ ਦੇ ਜਵਾਬ ਵਿੱਚ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਸਰਹੱਦੀ ਖੇਤਰ ਵਿੱਚ ਬਣੇ ਸੁਰੱਖਿਆ ਮਾਹੌਲ ਨੇ ਲਾਂਘੇ ਦੀਆਂ ਸੇਵਾਵਾਂ ਨੂੰ ਮੁਅੱਤਲ ਰੱਖਣ ਲਈ ਮਜਬੂਰ ਕੀਤਾ ਹੋਇਆ ਹੈ। ਕੇਂਦਰ ਸਰਕਾਰ ਮੁਤਾਬਕ, ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ 7 ਮਈ 2025 ਨੂੰ ਕਰਤਾਰਪੁਰ ਲਾਂਘੇ ਦੀਆਂ ਸੇਵਾਵਾਂ ਅਸਥਾਈ ਤੌਰ 'ਤੇ ਬੰਦ ਕਰ ਦਿੱਤੀਆਂ ਗਈਆਂ ਸਨ। ਇਸ ਘਟਨਾ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਵਧ ਗਿਆ ਸੀ, ਜਿਸ ਕਾਰਨ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫ਼ੈਸਲਾ ਲਿਆ ਗਿਆ। ਹੁਣ ਕਰੀਬ ਸਵਾ ਸਾਲ ਬੀਤ ਜਾਣ ਦੇ ਬਾਵਜੂਦ ਵੀ ਲਾਂਘਾ ਮੁੜ ਸ਼ੁਰੂ ਨਹੀਂ ਹੋ ਸਕਿਆ ਹੈ।

ਸ੍ਰੀ ਕਰਤਾਰਪੁਰ ਸਾਹਿਬ ਸਿੱਖ ਧਰਮ ਲਈ ਬੇਹੱਦ ਪਵਿੱਤਰ ਅਸਥਾਨ ਹੈ, ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖ਼ਰੀ ਸਾਲ ਇੱਥੇ ਬਿਤਾਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਭਾਰਤ ਅਤੇ ਪਾਕਿਸਤਾਨ ਨੇ 24 ਅਕਤੂਬਰ 2019 ਨੂੰ ਇੱਕ ਇਤਿਹਾਸਕ ਸਮਝੌਤੇ ਤਹਿਤ ਇਹ ਲਾਂਘਾ ਖੋਲ੍ਹਿਆ ਸੀ, ਜਿਸ ਨਾਲ ਭਾਰਤੀ ਸ਼ਰਧਾਲੂਆਂ ਨੂੰ ਬਿਨਾਂ ਵੀਜ਼ੇ ਦੇ ਦਰਸ਼ਨਾਂ ਦੀ ਸਹੂਲਤ ਮਿਲੀ ਸੀ।

ਕੋਰੋਨਾ ਮਹਾਂਮਾਰੀ ਦੌਰਾਨ ਵੀ ਕੁਝ ਸਮੇਂ ਲਈ ਇਹ ਲਾਂਘਾ ਬੰਦ ਕੀਤਾ ਗਿਆ ਸੀ, ਪਰ 17 ਨਵੰਬਰ 2021 ਨੂੰ ਇਸ ਨੂੰ ਮੁੜ ਖੋਲ੍ਹ ਦਿੱਤਾ ਗਿਆ ਸੀ। ਹਾਲਾਂਕਿ, 2025 ਵਿੱਚ ਸੁਰੱਖਿਆ ਕਾਰਨਾਂ ਕਰਕੇ ਇੱਕ ਵਾਰ ਫਿਰ ਇਸ ਦੀਆਂ ਸੇਵਾਵਾਂ ਰੋਕ ਦਿੱਤੀਆਂ ਗਈਆਂ।

ਕਰਤਾਰਪੁਰ ਲਾਂਘੇ ਨੂੰ ਮੁੜ ਖੋਲ੍ਹਣ ਦੀ ਮੰਗ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ। ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਵੀ ਇਸ ਮਸਲੇ ਨੂੰ ਉਠਾ ਰਹੀਆਂ ਹਨ ਅਤੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਾਂਘਾ ਖੋਲ੍ਹਣ ਦੀ ਅਪੀਲ ਕਰ ਰਹੀਆਂ ਹਨ।

ਭਾਵੇਂ ਅਕਤੂਬਰ 2024 ਵਿੱਚ ਕਰਤਾਰਪੁਰ ਸਮਝੌਤੇ ਦੀ ਮਿਆਦ ਵਿੱਚ ਪੰਜ ਸਾਲ ਦਾ ਵਾਧਾ ਕੀਤਾ ਗਿਆ ਸੀ, ਪਰ ਮੌਜੂਦਾ ਸੁਰੱਖਿਆ ਹਾਲਾਤਾਂ ਕਾਰਨ ਇਸ ਦੇ ਜਲਦੀ ਖੁੱਲ੍ਹਣ ਦੀ ਸੰਭਾਵਨਾ ਘੱਟ ਨਜ਼ਰ ਆ ਰਹੀ ਹੈ। ਇਸ ਦੇ ਬਾਵਜੂਦ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਹ ਮੁੱਦਾ ਸਿਆਸੀ ਅਤੇ ਧਾਰਮਿਕ ਪੱਧਰ 'ਤੇ ਲਗਾਤਾਰ ਚਰਚਾ ਵਿੱਚ ਬਣਿਆ ਹੋਇਆ ਹੈ।

ਅੰਕੜਿਆਂ ਮੁਤਾਬਕ, ਲਾਂਘਾ ਖੁੱਲ੍ਹਣ ਤੋਂ ਬਾਅਦ ਪਹਿਲੇ ਤਿੰਨ ਮਹੀਨਿਆਂ ਵਿੱਚ 44,951 ਸ਼ਰਧਾਲੂਆਂ ਨੇ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ ਸਨ। ਇਸ ਤੋਂ ਇਲਾਵਾ ਸਾਲ 2021 ਵਿੱਚ 10,025, ਸਾਲ 2022 ਵਿੱਚ 86,097 ਅਤੇ ਸਾਲ 2023 ਵਿੱਚ 96,555 ਸ਼ਰਧਾਲੂ ਇਸ ਪਵਿੱਤਰ ਅਸਥਾਨ 'ਤੇ ਨਤਮਸਤਕ ਹੋਏ ਸਨ।



# ਖ਼ਬਰਨਾਮਾ





## ਸਤਿਕਾਰ ਕਾਨੂੰਨ ਸੋਧਾਂ 'ਤੇ ਅਕਾਲ ਤਖ਼ਤ ਸਖ਼ਤ, ਪੰਜਾਬ ਸਰਕਾਰ ਦੇ ਜਵਾਬ ਨੂੰ ਕੀਤਾ ਰੱਦ



**ਸ੍ਰੀ ਅੰਮ੍ਰਿਤਸਰ ਸਾਹਿਬ:** ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਵਿੱਚ ਪ੍ਰਸਤਾਵਿਤ ਸੋਧਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਚਕਾਰ ਮਤਭੇਦ ਹੋਰ ਗਹਿਰੇ ਹੋ ਗਏ ਹਨ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਵੱਲੋਂ ਭੇਜੇ ਗਏ ਜਵਾਬ ਨੂੰ ਅਸੰਤੁਸ਼ਟੀਜਨਕ ਕਰਾਰ ਦਿੰਦਿਆਂ ਸਪੱਸ਼ਟ ਕੀਤਾ ਹੈ ਕਿ ਇਹ ਜਵਾਬ 29 ਜੂਨ ਨੂੰ ਹੋਈ ਸਹਿਮਤੀ ਅਤੇ ਸਿੱਖ ਭਾਵਨਾਵਾਂ ਦੇ ਅਨੁਕੂਲ ਨਹੀਂ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਜਦੋਂ 29 ਜੂਨ ਨੂੰ ਪੰਜਾਬ ਵਿਧਾਨ ਸਭਾ ਦੇ ਸਿੱਖ ਵਿਧਾਇਕ ਅਤੇ ਕੈਬਨਿਟ ਮੰਤਰੀ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਏ ਸਨ, ਉਸ ਵੇਲੇ ਉਨ੍ਹਾਂ ਨੇ ਭਰੋਸਾ ਦਿੱਤਾ ਸੀ ਕਿ ਇਤਰਾਜ਼ਯੋਗ ਮੱਦਾਂ ਨੂੰ ਹਟਾ ਕੇ ਕਾਨੂੰਨ ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣਗੀਆਂ। ਪਰ ਹੁਣ ਸਰਕਾਰ ਵੱਲੋਂ ਭੇਜਿਆ ਗਿਆ ਜਵਾਬ ਉਸ ਵਾਅਦੇ ਤੋਂ ਬਿਲਕੁਲ ਵੱਖਰਾ ਨਜ਼ਰ ਆ ਰਿਹਾ ਹੈ।

ਉਨ੍ਹਾਂ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਨੇ ਅਕਾਲ ਤਖ਼ਤ ਵੱਲੋਂ ਦਿੱਤੇ ਗਏ ਸੁਝਾਵਾਂ ਅਤੇ ਇਤਰਾਜ਼ਾਂ ਵਿੱਚੋਂ ਸਿਰਫ਼ ਦਸ ਫ਼ੀਸਦੀ ਨੁਕਤਿਆਂ ਨੂੰ ਹੀ ਸਵੀਕਾਰ ਕੀਤਾ ਹੈ, ਜਦਕਿ ਬਾਕੀ ਅਹਿਮ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਜਥੇਦਾਰ ਨੇ ਕਿਹਾ ਕਿ ਇਸ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਸਰਕਾਰ ਸਿੱਖਾਂ ਦੀ ਸਰਵਉੱਚ ਸੰਸਥਾ ਦੀਆਂ ਭਾਵਨਾਵਾਂ ਅਤੇ ਸਿਫ਼ਾਰਸ਼ਾਂ ਦੇ ਅਨੁਸਾਰ ਕਾਨੂੰਨ ਵਿੱਚ ਸੋਧ ਕਰਨ ਲਈ ਤਿਆਰ ਨਹੀਂ ਹੈ।

ਬੁੱਧਵਾਰ ਨੂੰ ਪੰਜਾਬ ਦੇ ਗ੍ਰਿਹ ਵਿਭਾਗ ਵੱਲੋਂ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਅਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ ਅਕਾਲ ਤਖ਼ਤ ਸਕੱਤਰੇਤ ਨੂੰ 24 ਪੰਨਿਆਂ ਦਾ ਜਵਾਬ ਸੌਂਪਿਆ ਗਿਆ ਸੀ। ਇਸ ਦਸਤਾਵੇਜ਼ ਵਿੱਚ ਅਕਾਲ ਤਖ਼ਤ ਵੱਲੋਂ ਉਠਾਏ ਗਏ 12 ਇਤਰਾਜ਼ਾਂ ਅਤੇ ਸੁਝਾਵਾਂ 'ਤੇ ਸਰਕਾਰ ਦਾ ਪੱਖ ਰੱਖਿਆ ਗਿਆ ਹੈ।

ਸਭ ਤੋਂ ਵੱਡੇ ਵਿਵਾਦ ਦਾ ਕਾਰਨ ਐਕਟ ਵਿੱਚ ਵਰਤੇ ਗਏ "ਕਸਟੋਡੀਅਨ" ਸ਼ਬਦ ਨੂੰ ਲੈ ਕੇ ਬਣਿਆ ਹੋਇਆ ਹੈ। ਅਕਾਲ ਤਖ਼ਤ ਨੇ ਇਸ ਸ਼ਬਦ ਨੂੰ ਕਾਨੂੰਨ ਵਿੱਚੋਂ ਹਟਾਉਣ ਦੀ ਮੰਗ ਕੀਤੀ ਸੀ, ਪਰ ਪੰਜਾਬ ਸਰਕਾਰ ਨੇ ਇਸ ਤੋਂ ਇਨਕਾਰ ਕਰ ਦਿੱਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਸ਼ਬਦ ਦੀ ਵਿਆਖਿਆ ਇੱਕ ਵਿਸਤ੍ਰਿਤ ਨੋਟ ਰਾਹੀਂ ਕੀਤੀ ਜਾਵੇਗੀ ਅਤੇ ਇਸ ਨੂੰ ਕਾਨੂੰਨ ਦਾ ਹਿੱਸਾ ਬਣਾਈ ਰੱਖਿਆ ਜਾਵੇਗਾ।

ਜਥੇਦਾਰ ਗੜਗੱਜ ਨੇ ਸਪੱਸ਼ਟ ਕੀਤਾ ਕਿ ਮੌਜੂਦਾ ਰੂਪ ਵਿੱਚ ਸਰਕਾਰ ਦਾ ਜਵਾਬ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਇਸ ਮੁੱਦੇ 'ਤੇ ਗੱਲਬਾਤ ਜਾਰੀ ਰੱਖਣਾ ਚਾਹੁੰਦੀ ਹੈ ਤਾਂ ਅਕਾਲ ਤਖ਼ਤ ਵੱਲੋਂ ਸੰਵਾਦ ਲਈ ਦਰਵਾਜ਼ੇ ਖੁੱਲ੍ਹੇ ਹਨ। ਇਸ ਮਕਸਦ ਲਈ ਅਕਾਲ ਤਖ਼ਤ ਨੇ ਇੱਕ ਵਿਸ਼ੇਸ਼ ਕਮੇਟੀ ਬਣਾਉਣ ਦਾ ਐਲਾਨ ਵੀ ਕੀਤਾ ਹੈ।

ਇਸ ਕਮੇਟੀ ਵਿੱਚ ਸੇਵਾਮੁਕਤ ਜਸਟਿਸ ਰੁਪਿੰਦਰ ਸਿੰਘ ਸੋਢੀ, ਸੇਵਾਮੁਕਤ ਜਸਟਿਸ ਮਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਵਕੀਲ ਪੂਰਨ ਸਿੰਘ ਹੁੰਦਲ, ਸਿੱਖ ਵਿਦਵਾਨ ਡਾ. ਕੇਹਰ ਸਿੰਘ ਪਟਿਆਲਾ, ਪ੍ਰੋਫੈਸਰ ਜਗਮੋਹਨ ਸਿੰਘ ਅਤੇ ਐਸਜੀਪੀਸੀ ਦੇ ਸਕੱਤਰ ਲਖਵੀਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਲਖਵੀਰ ਸਿੰਘ ਇਸ ਕਮੇਟੀ ਦੇ ਕੋਆਰਡੀਨੇਟਰ ਵਜੋਂ ਕੰਮ ਕਰਨਗੇ।

ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਵਿਧਾਨ ਸਭਾ ਦੇ ਇਜਲਾਸ ਵਿੱਚ ਸ਼ਾਮਲ ਹੋਣ ਸਬੰਧੀ ਮਾਰਗਦਰਸ਼ਨ ਮੰਗੇ ਜਾਣ 'ਤੇ ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖ ਵਿਧਾਇਕਾਂ ਨੂੰ ਸਦਨ ਦੇ ਅੰਦਰ ਆਪਣੀ ਗੱਲਬਾਤ ਸਿਰਫ਼ ਸਪੀਕਰ ਤੱਕ ਸੀਮਤ ਰੱਖਣੀ ਚਾਹੀਦੀ ਹੈ ਅਤੇ ਉਹ ਸਿਰਫ਼ ਵਿਧਾਨ ਸਭਾ ਦੀ ਕਾਰਵਾਈ ਵਿੱਚ ਹੀ ਹਿੱਸਾ ਲੈਣ। ਉਨ੍ਹਾਂ ਇਹ ਵੀ ਕਿਹਾ ਕਿ ਵਿਧਾਇਕਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਕਿਸੇ ਵੀ ਤਰ੍ਹਾਂ ਦਾ ਸੰਪਰਕ ਕਰਨ ਜਾਂ ਉਨ੍ਹਾਂ ਦੇ ਬਿਆਨਾਂ ਦਾ ਜਵਾਬ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਹੁਣ ਇਹ ਵੇਖਣਾ ਦਿਲਚਸਪ ਹੋਵੇਗਾ ਕਿ ਪੰਜਾਬ ਸਰਕਾਰ ਅਤੇ ਅਕਾਲ ਤਖ਼ਤ ਦਰਮਿਆਨ ਇਹ ਵਿਵਾਦ ਆਉਣ ਵਾਲੇ ਦਿਨਾਂ ਵਿੱਚ ਕਿਹੜਾ ਰੁਖ਼ ਅਖ਼ਤਿਆਰ ਕਰਦਾ ਹੈ ਅਤੇ ਕੀ ਦੋਵੇਂ ਧਿਰਾਂ ਆਪਸੀ ਸਹਿਮਤੀ ਤੱਕ ਪਹੁੰਚ ਸਕਣਗੀਆਂ ਜਾਂ ਨਹੀਂ।

## ਕਰਜ਼ੇ ਦੇ ਬੋਝ ਹੇਠ ਪੰਜਾਬ, ਦੇਸ਼ ਦੇ ਸਭ ਤੋਂ ਵੱਧ ਕਰਜ਼ਦਾਰ ਸੂਬਿਆਂ ਦੀ ਸੂਚੀ ਵਿੱਚ 12ਵੇਂ ਸਥਾਨ 'ਤੇ ਪੁੱਜਿਆ




ਦੇਸ਼ ਦੇ ਲਗਭਗ ਸਾਰੇ ਸੂਬੇ ਵਧਦੇ ਕਰਜ਼ੇ ਦੀ ਸਮੱਸਿਆ ਨਾਲ ਜੂਝ ਰਹੇ ਹਨ, ਪਰ ਪੰਜਾਬ ਵਿੱਚ ਇਹ ਮੁੱਦਾ ਹਮੇਸ਼ਾ ਸਿਆਸੀ ਚਰਚਾ ਦਾ ਕੇਂਦਰ ਬਣਿਆ ਰਹਿੰਦਾ ਹੈ। ਕੇਂਦਰੀ ਵਿੱਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਮਾਰਚ 2026 ਤੱਕ ਪੰਜਾਬ ਉੱਤੇ ਕੁੱਲ ਕਰਜ਼ਾ 4.13 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ, ਜਿਸ ਨਾਲ ਪੰਜਾਬ ਦੇਸ਼ ਦੇ 28 ਸੂਬਿਆਂ ਵਿੱਚ ਕਰਜ਼ੇ ਦੇ ਮਾਮਲੇ ਵਿੱਚ 12ਵੇਂ ਨੰਬਰ 'ਤੇ ਆ ਗਿਆ ਹੈ।

ਦੇਸ਼ ਵਿੱਚ ਸਭ ਤੋਂ ਵੱਧ ਕਰਜ਼ਾ ਤਾਮਿਲਨਾਡੂ ਉੱਤੇ ਹੈ, ਜਿਸ 'ਤੇ ਇਸ ਵੇਲੇ 10.42 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਸੂਚੀ ਵਿੱਚ ਦੂਜੇ ਨੰਬਰ 'ਤੇ ਮਹਾਰਾਸ਼ਟਰ ਹੈ, ਜਿਸ ਉੱਤੇ 9.37 ਲੱਖ ਕਰੋੜ ਰੁਪਏ ਦਾ ਬੋਝ ਹੈ, ਜਦਕਿ ਉੱਤਰ ਪ੍ਰਦੇਸ਼ 8.83 ਲੱਖ ਕਰੋੜ ਰੁਪਏ ਦੇ ਕਰਜ਼ੇ ਨਾਲ ਤੀਜੇ ਸਥਾਨ 'ਤੇ ਹੈ। ਕਰਨਾਟਕਾ 8.14 ਲੱਖ ਕਰੋੜ ਅਤੇ ਪੱਛਮੀ ਬੰਗਾਲ 7.90 ਲੱਖ ਕਰੋੜ ਰੁਪਏ ਦੇ ਕਰਜ਼ੇ ਨਾਲ ਅਗਲੇ ਸਥਾਨਾਂ 'ਤੇ ਹਨ।

ਪੰਜਾਬ ਨੇ ਕਰਜ਼ੇ ਦੇ ਮਾਮਲੇ ਵਿੱਚ ਆਪਣੇ ਗੁਆਂਢੀ ਸੂਬਿਆਂ ਬਿਹਾਰ ਅਤੇ ਹਰਿਆਣਾ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਬਿਹਾਰ ਉੱਤੇ 4.03 ਲੱਖ ਕਰੋੜ ਰੁਪਏ ਅਤੇ ਹਰਿਆਣਾ ਉੱਤੇ 4.02 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਜਦਕਿ ਪੰਜਾਬ ਦਾ ਕਰਜ਼ਾ ਇਨ੍ਹਾਂ ਦੋਵਾਂ ਸੂਬਿਆਂ ਨਾਲੋਂ ਵੱਧ ਹੋ ਗਿਆ ਹੈ। ਦੂਜੇ ਪਾਸੇ, ਦੇਸ਼ ਦਾ ਸਭ ਤੋਂ ਘੱਟ ਕਰਜ਼ਾ ਮਿਜ਼ੋਰਮ ਉੱਤੇ ਹੈ, ਜਿਸ ਉੱਤੇ ਸਿਰਫ਼ 14,516 ਕਰੋੜ ਰੁਪਏ ਦੀ ਦੇਣਦਾਰੀ ਹੈ।

ਪਿਛਲੇ ਦੋ ਸਾਲਾਂ ਦੌਰਾਨ ਪੰਜਾਬ ਨੇ ਕਰੀਬ 67 ਹਜ਼ਾਰ ਕਰੋੜ ਰੁਪਏ ਦਾ ਨਵਾਂ ਕਰਜ਼ਾ ਲਿਆ ਹੈ, ਜਦਕਿ ਇਸੇ ਸਮੇਂ ਹਰਿਆਣਾ ਨੇ 63 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਹੈ। ਸਾਲ 2022 ਵਿੱਚ ਪੰਜਾਬ ਦਾ ਕੁੱਲ ਕਰਜ਼ਾ 2.82 ਲੱਖ ਕਰੋੜ ਰੁਪਏ ਸੀ, ਜੋ ਚਾਰ ਸਾਲਾਂ ਦੇ ਅੰਦਰ ਤੇਜ਼ੀ ਨਾਲ ਵਧ ਕੇ 4.13 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਅਨੁਮਾਨ ਹੈ ਕਿ 31 ਮਾਰਚ 2027 ਤੱਕ ਇਹ ਕਰਜ਼ਾ 4.47 ਲੱਖ ਕਰੋੜ ਰੁਪਏ ਤੱਕ ਪਹੁੰਚ ਸਕਦਾ ਹੈ।

ਭਾਰਤੀ ਰਿਜ਼ਰਵ ਬੈਂਕ ਦੇ ਸੰਕੇਤਕ ਕੈਲੰਡਰ ਮੁਤਾਬਕ ਪੰਜਾਬ ਸਰਕਾਰ ਚਾਲੂ ਵਿੱਤੀ ਸਾਲ ਦੀ ਦੂਜੀ ਤਿਮਾਹੀ, ਯਾਨੀ ਜੁਲਾਈ ਤੋਂ ਸਤੰਬਰ ਦੇ ਦਰਮਿਆਨ, 13,900 ਕਰੋੜ ਰੁਪਏ ਦਾ ਨਵਾਂ ਕਰਜ਼ਾ ਲੈਣ ਦੀ ਯੋਜਨਾ ਬਣਾ ਰਹੀ ਹੈ। ਪਹਿਲੀ ਤਿਮਾਹੀ ਵਿੱਚ 9,500 ਕਰੋੜ ਰੁਪਏ ਕਰਜ਼ਾ ਲੈਣ ਦਾ ਟੀਚਾ ਰੱਖਿਆ ਗਿਆ ਸੀ, ਪਰ ਸਰਕਾਰ ਨੇ ਹਕੀਕਤ ਵਿੱਚ ਲਗਭਗ 7,800 ਕਰੋੜ ਰੁਪਏ ਹੀ ਉਧਾਰ ਲਏ।

ਚੋਣਾਂ ਦੇ ਮੌਸਮ ਵਿੱਚ ਆਮ ਤੌਰ 'ਤੇ ਸੂਬਿਆਂ ਦੀ ਕਰਜ਼ਾ ਲੈਣ ਦੀ ਰਫ਼ਤਾਰ ਵੱਧ ਜਾਂਦੀ ਹੈ। ਪੰਜਾਬ ਵਿੱਚ ਵੀ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਾਰਨ ਸਰਕਾਰ ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਲਈ ਲਗਾਤਾਰ ਕਰਜ਼ਾ ਲੈ ਰਹੀ ਹੈ। ਚਾਲੂ ਵਿੱਤੀ ਸਾਲ ਦੌਰਾਨ ਪੰਜਾਬ ਸਰਕਾਰ ਮਾਰਕੀਟ ਤੋਂ 43,798.38 ਕਰੋੜ ਰੁਪਏ ਦਾ ਕਰਜ਼ਾ ਚੁੱਕਣ ਦੀ ਇੱਛੁਕ ਹੈ।

ਦੂਜੀ ਤਿਮਾਹੀ ਦੌਰਾਨ ਦੇਸ਼ ਦੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵੱਲੋਂ ਕੁੱਲ 3.18 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਜਾਣਾ ਹੈ, ਜਿਸ ਵਿੱਚ ਪੰਜਾਬ ਦੀ ਹਿੱਸੇਦਾਰੀ 4.35 ਫ਼ੀਸਦੀ ਬਣਦੀ ਹੈ। ਇਸੇ ਸਮੇਂ ਹਰਿਆਣਾ 19 ਹਜ਼ਾਰ ਕਰੋੜ, ਰਾਜਸਥਾਨ 15 ਹਜ਼ਾਰ ਕਰੋੜ, ਬਿਹਾਰ 14 ਹਜ਼ਾਰ ਕਰੋੜ, ਗੁਜਰਾਤ 12,500 ਕਰੋੜ ਅਤੇ ਹਿਮਾਚਲ ਪ੍ਰਦੇਸ਼ 2,100 ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਤਿਆਰੀ ਵਿੱਚ ਹਨ।

ਇਸ ਸਾਰੇ ਮਾਮਲੇ 'ਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਕਹਿਣਾ ਹੈ ਕਿ ਮੌਜੂਦਾ ਸਰਕਾਰ ਨੂੰ ਪਿਛਲੀਆਂ ਸਰਕਾਰਾਂ ਤੋਂ ਭਾਰੀ ਕਰਜ਼ਾ ਵਿਰਾਸਤ ਵਿੱਚ ਮਿਲਿਆ ਸੀ ਅਤੇ ਸਰਕਾਰ ਤੈਅ ਸੀਮਾਵਾਂ ਦੇ ਅੰਦਰ ਰਹਿ ਕੇ ਹੀ ਨਵਾਂ ਕਰਜ਼ਾ ਲੈ ਰਹੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਨਵਾਂ ਕਰਜ਼ਾ ਪੁਰਾਣੀਆਂ ਦੇਣਦਾਰੀਆਂ ਨੂੰ ਚੁਕਾਉਣ ਅਤੇ ਵਿਕਾਸ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਲਈ ਲਿਆ ਜਾ ਰਿਹਾ ਹੈ।

## ਪੰਜਾਬ ਵਿੱਚ ਪੇਪਰ ਲੀਕ ਬਨਾਮ ਹਾਈ-ਟੈੱਕ ਨਕਲ 'ਤੇ ਛਿੜੀ ਸਿਆਸੀ ਜੰਗ, ਮਾਨ ਸਰਕਾਰ ਅਤੇ ਵਿਰੋਧੀ ਆਹਮੋ-ਸਾਹਮਣੇ




**ਨਵੀਂ ਦਿੱਲੀ-** ਪੰਜਾਬ ਵਿੱਚ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਪਾਰਦਰਸ਼ਤਾ ਨੂੰ ਲੈ ਕੇ ਇੱਕ ਵਾਰ ਫਿਰ ਸਿਆਸਤ ਗਰਮਾ ਗਈ ਹੈ। ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਵੱਲੋਂ 19 ਜੁਲਾਈ ਨੂੰ ਕਰਵਾਈ ਗਈ ਫਾਰਮੇਸੀ ਅਫ਼ਸਰ ਭਰਤੀ ਪ੍ਰੀਖਿਆ ਤੋਂ ਬਾਅਦ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਵਿਰੋਧੀ ਧਿਰਾਂ ਵਿਚਾਲੇ ਤਿੱਖੀ ਬਹਿਸ ਛਿੜ ਗਈ ਹੈ। ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਕਿਸੇ ਵੀ ਪ੍ਰਤੀਯੋਗੀ ਪ੍ਰੀਖਿਆ ਦਾ ਪੇਪਰ ਲੀਕ ਨਹੀਂ ਹੋਇਆ, ਉੱਥੇ ਹੀ ਵਿਰੋਧੀ ਪਾਰਟੀਆਂ ਨੇ ਸਰਕਾਰ ਦੇ ਇਸ ਦਾਅਵੇ ਨੂੰ ਸਿੱਧੀ ਚੁਣੌਤੀ ਦਿੱਤੀ ਹੈ।

ਫਾਰਮੇਸੀ ਅਫ਼ਸਰ ਦੀਆਂ 454 ਅਸਾਮੀਆਂ ਲਈ ਹੋਈ ਇਸ ਪ੍ਰੀਖਿਆ ਵਿੱਚ ਲਗਭਗ 7 ਹਜ਼ਾਰ ਉਮੀਦਵਾਰਾਂ ਨੇ ਹਿੱਸਾ ਲਿਆ ਸੀ। ਪ੍ਰੀਖਿਆ ਦੌਰਾਨ ਪੰਜਾਬ ਪੁਲੀਸ ਨੇ ਇੱਕ ਅੰਤਰ-ਰਾਜੀ ਗਿਰੋਹ ਦਾ ਪਰਦਾਫ਼ਾਸ਼ ਕਰਦਿਆਂ ਪੈੱਨ ਕੈਮਰੇ, ਬਲੂਟੁੱਥ ਈਅਰਫੋਨ ਅਤੇ ਹੋਰ ਆਧੁਨਿਕ ਉਪਕਰਣ ਬਰਾਮਦ ਕੀਤੇ ਸਨ। ਜਾਂਚ ਵਿੱਚ ਸਾਹਮਣੇ ਆਇਆ ਕਿ ਕੁਝ ਉਮੀਦਵਾਰਾਂ ਨੇ ਪ੍ਰੀਖਿਆ ਸ਼ੁਰੂ ਹੋਣ ਤੋਂ ਬਾਅਦ ਪ੍ਰਸ਼ਨ ਪੱਤਰ ਦੀਆਂ ਤਸਵੀਰਾਂ ਖਿੱਚ ਕੇ ਬਾਹਰ ਭੇਜੀਆਂ, ਜਿਨ੍ਹਾਂ ਦੇ ਜਵਾਬ ਤਕਨੀਕੀ ਸਾਧਨਾਂ ਰਾਹੀਂ ਵਾਪਸ ਪ੍ਰਾਪਤ ਕੀਤੇ ਜਾ ਰਹੇ ਸਨ।

ਪੰਜਾਬ ਪੁਲੀਸ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਪ੍ਰੀਖਿਆ ਤੋਂ ਪਹਿਲਾਂ ਪੇਪਰ ਲੀਕ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ। ਪੁਲੀਸ ਮੁਤਾਬਕ ਇਹ ਰਵਾਇਤੀ ਪੇਪਰ ਲੀਕ ਨਹੀਂ, ਸਗੋਂ ਪ੍ਰੀਖਿਆ ਦੌਰਾਨ ਕੀਤੀ ਗਈ ਹਾਈ-ਟੈੱਕ ਨਕਲ ਦਾ ਮਾਮਲਾ ਹੈ।

ਦੂਜੇ ਪਾਸੇ, ਕਾਂਗਰਸ, ਭਾਜਪਾ, ਸ਼੍ਰੋਮਣੀ ਅਕਾਲੀ ਦਲ ਅਤੇ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੇ ਦਾਅਵਾ ਕੀਤਾ ਹੈ ਕਿ ਸਾਲ 2022 ਤੋਂ ਬਾਅਦ ਪੰਜਾਬ ਵਿੱਚ ਭਰਤੀ ਅਤੇ ਬੋਰਡ ਪ੍ਰੀਖਿਆਵਾਂ ਨਾਲ ਸਬੰਧਤ ਘੱਟੋ-ਘੱਟ ਛੇ ਵੱਡੇ ਮਾਮਲੇ ਸਾਹਮਣੇ ਆ ਚੁੱਕੇ ਹਨ। ਵਿਰੋਧੀ ਧਿਰਾਂ ਨੇ ਨਾਇਬ ਤਹਿਸੀਲਦਾਰ ਭਰਤੀ ਪ੍ਰੀਖਿਆ, ਐੱਸਐੱਸਐੱਸਬੀ ਗਰੁੱਪ-ਬੀ ਭਰਤੀ, ਖੇਤੀਬਾੜੀ ਵਿਕਾਸ ਅਫ਼ਸਰ ਪ੍ਰੀਖਿਆ, ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਜਮਾਤ ਦੇ ਅੰਗਰੇਜ਼ੀ ਪੇਪਰ ਵਿਵਾਦ, ਪੁਲੀਸ ਭਰਤੀ ਪ੍ਰੀਖਿਆਵਾਂ ਅਤੇ ਤਾਜ਼ਾ ਫਾਰਮੇਸੀ ਅਫ਼ਸਰ ਪ੍ਰੀਖਿਆ ਦੇ ਮਾਮਲਿਆਂ ਦਾ ਹਵਾਲਾ ਦਿੱਤਾ ਹੈ।

ਵਿਰੋਧੀ ਆਗੂਆਂ ਦਾ ਦੋਸ਼ ਹੈ ਕਿ ਸਰਕਾਰ ਪੇਪਰ ਲੀਕ ਅਤੇ ਨਕਲ ਦੇ ਮਾਮਲਿਆਂ ਵਿੱਚ ਫ਼ਰਕ ਦੱਸ ਕੇ ਆਪਣੀ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਚਾਹੇ ਪ੍ਰੀਖਿਆ ਤੋਂ ਪਹਿਲਾਂ ਪੇਪਰ ਬਾਹਰ ਆਵੇ ਜਾਂ ਪ੍ਰੀਖਿਆ ਦੌਰਾਨ ਤਕਨਾਲੋਜੀ ਰਾਹੀਂ ਨਕਲ ਕਰਵਾਈ ਜਾਵੇ, ਦੋਵੇਂ ਹਾਲਾਤਾਂ ਵਿੱਚ ਪ੍ਰੀਖਿਆ ਪ੍ਰਣਾਲੀ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਹੁੰਦੇ ਹਨ।

ਇਸ ਮਾਮਲੇ ਨੂੰ ਲੈ ਕੇ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੇ ਪੰਜਾਬ ਦੇ ਸਿੱਖਿਆ ਮੰਤਰੀ ਤੋਂ ਅਸਤੀਫ਼ੇ ਦੀ ਮੰਗ ਵੀ ਕੀਤੀ ਹੈ। ਇਸ ਦੇ ਨਾਲ ਹੀ ਵਿਰੋਧੀ ਪਾਰਟੀਆਂ ਨੇ ਸਰਕਾਰ ਤੋਂ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਹੁਣ ਸਭ ਦੀਆਂ ਨਜ਼ਰਾਂ ਸਰਕਾਰ ਅਤੇ ਜਾਂਚ ਏਜੰਸੀਆਂ ਦੀ ਅਗਲੀ ਕਾਰਵਾਈ 'ਤੇ ਟਿਕੀਆਂ ਹੋਈਆਂ ਹਨ, ਕਿਉਂਕਿ ਇਹ ਵਿਵਾਦ ਸਿਰਫ਼ ਇੱਕ ਪ੍ਰੀਖਿਆ ਤੱਕ ਸੀਮਿਤ ਨਹੀਂ ਰਹਿ ਗਿਆ, ਸਗੋਂ ਪੰਜਾਬ ਦੀ ਭਰਤੀ ਪ੍ਰਣਾਲੀ ਦੀ ਪਾਰਦਰਸ਼ਤਾ ਅਤੇ ਭਰੋਸੇ ਨਾਲ ਜੁੜਿਆ ਵੱਡਾ ਸਵਾਲ ਬਣ ਚੁੱਕਾ ਹੈ।

## ਸੁੱਕਦੇ ਡੈਮਾਂ ਨੇ ਵਧਾਈ ਚਿੰਤਾ, ਪੰਜਾਬ ਸਾਹਮਣੇ ਪਾਣੀ ਦੇ ਸੰਕਟ ਦਾ ਖ਼ਤਰਾ



ਪੰਜਾਬ ਵਿੱਚ ਇਸ ਵਾਰ ਮੌਨਸੂਨ ਦੀ ਕਮਜ਼ੋਰ ਰਫ਼ਤਾਰ ਨੇ ਚਿੰਤਾਵਾਂ ਵਧਾ ਦਿੱਤੀਆਂ ਹਨ। ਮਾਲਵਾ ਖੇਤਰ ਸਮੇਤ ਸੂਬੇ ਦੇ ਕਈ ਹਿੱਸਿਆਂ ਵਿੱਚ ਆਮ ਨਾਲੋਂ ਕਾਫ਼ੀ ਘੱਟ ਮੀਂਹ ਪੈਣ ਕਾਰਨ ਡੈਮਾਂ ਵਿੱਚ ਪਾਣੀ ਦਾ ਪੱਧਰ ਲਗਾਤਾਰ ਘਟ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਗਸਤ ਮਹੀਨੇ ਦੌਰਾਨ ਵੀ ਮੀਂਹ ਦੀ ਘਾਟ ਜਾਰੀ ਰਹੀ ਤਾਂ ਪੰਜਾਬ ਨੂੰ ਆਉਣ ਵਾਲੇ ਮਹੀਨਿਆਂ ਵਿੱਚ ਗੰਭੀਰ ਜਲ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਭਾਰਤੀ ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਦੇਸ਼ ਭਰ ਵਿੱਚ ਆਮ ਨਾਲੋਂ ਅੱਠ ਫ਼ੀਸਦੀ ਘੱਟ ਬਾਰਿਸ਼ ਦਰਜ ਕੀਤੀ ਗਈ ਹੈ, ਜਦਕਿ ਪੰਜਾਬ ਵਿੱਚ ਸਥਿਤੀ ਹੋਰ ਵੀ ਗੰਭੀਰ ਹੈ। ਜੂਨ ਮਹੀਨੇ ਦੌਰਾਨ ਸੂਬੇ ਵਿੱਚ ਆਮ ਨਾਲੋਂ 46 ਫ਼ੀਸਦੀ ਘੱਟ ਮੀਂਹ ਪਿਆ। ਆਮ ਤੌਰ 'ਤੇ ਜੂਨ ਵਿੱਚ 54.5 ਮਿਲੀਮੀਟਰ ਮੀਂਹ ਦਰਜ ਹੁੰਦਾ ਹੈ, ਪਰ ਇਸ ਵਾਰ ਸਿਰਫ਼ 29.5 ਮਿਲੀਮੀਟਰ ਬਾਰਿਸ਼ ਹੀ ਹੋਈ। ਇਸੇ ਤਰ੍ਹਾਂ ਜੁਲਾਈ ਮਹੀਨੇ ਵਿੱਚ ਵੀ 150 ਮਿਲੀਮੀਟਰ ਦੀ ਔਸਤ ਦੇ ਮੁਕਾਬਲੇ ਸਿਰਫ਼ 113.3 ਮਿਲੀਮੀਟਰ ਮੀਂਹ ਪਿਆ, ਜੋ ਕਿ ਆਮ ਨਾਲੋਂ 24 ਫ਼ੀਸਦੀ ਘੱਟ ਹੈ।

ਮੌਸਮ ਵਿਭਾਗ ਵੱਲੋਂ ਜੁਲਾਈ ਦੇ ਅੰਤਲੇ ਹਫ਼ਤੇ ਦੌਰਾਨ ਭਾਰੀ ਮੀਂਹ ਦੀ ਸੰਭਾਵਨਾ ਜਤਾਈ ਗਈ ਸੀ, ਪਰ ਬਾਰਿਸ਼ ਕੁਝ ਜ਼ਿਲ੍ਹਿਆਂ ਤੱਕ ਹੀ ਸੀਮਤ ਰਹੀ। ਦੂਜੇ ਪਾਸੇ, ਸਰਦੀਆਂ ਵਿੱਚ ਪਹਾੜੀ ਇਲਾਕਿਆਂ ਵਿੱਚ ਘੱਟ ਬਰਫ਼ਬਾਰੀ ਹੋਣ ਕਾਰਨ ਵੀ ਦਰਿਆਵਾਂ ਅਤੇ ਡੈਮਾਂ ਵਿੱਚ ਪਾਣੀ ਦੀ ਆਮਦ ਪ੍ਰਭਾਵਿਤ ਹੋਈ ਹੈ।

ਸੂਬੇ ਦੇ ਸਭ ਤੋਂ ਵੱਡੇ ਜਲ ਸਰੋਤ ਭਾਖੜਾ ਡੈਮ ਵਿੱਚ ਇਸ ਵੇਲੇ ਪਾਣੀ ਦਾ ਪੱਧਰ 1597.2 ਫੁੱਟ ਦਰਜ ਕੀਤਾ ਗਿਆ ਹੈ, ਜਦਕਿ ਪਿਛਲੇ ਸਾਲ ਇਸੇ ਸਮੇਂ ਇਹ ਪੱਧਰ 1617.5 ਫੁੱਟ ਸੀ। ਪਿਛਲੇ ਵੀਹ ਸਾਲਾਂ ਦੀ ਔਸਤ 1613.12 ਫੁੱਟ ਰਹੀ ਹੈ। ਪੌਂਗ ਡੈਮ ਵਿੱਚ ਵੀ ਪਾਣੀ ਦਾ ਪੱਧਰ 1333.87 ਫੁੱਟ ਤੱਕ ਸਿਮਟ ਗਿਆ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ ਕਾਫ਼ੀ ਘੱਟ ਹੈ। ਰਣਜੀਤ ਸਾਗਰ ਡੈਮ ਵਿੱਚ ਵੀ ਪਾਣੀ ਦਾ ਪੱਧਰ ਵੀਹ ਸਾਲਾਂ ਦੀ ਔਸਤ ਤੋਂ ਹੇਠਾਂ ਚੱਲ ਰਿਹਾ ਹੈ।

ਮੌਜੂਦਾ ਹਾਲਾਤਾਂ ਨੂੰ ਵੇਖਦਿਆਂ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਨੂੰ ਹੁਣ ਸਿਰਫ਼ ਹੜ੍ਹ ਪ੍ਰਬੰਧਾਂ ਦੀ ਬਜਾਏ ਪਾਣੀ ਦੀ ਸੰਭਾਲ ਅਤੇ ਇਸ ਦੀ ਸਮਝਦਾਰੀ ਨਾਲ ਵਰਤੋਂ ਉੱਤੇ ਵੱਧ ਧਿਆਨ ਦੇਣਾ ਪਵੇਗਾ। ਇਸ ਸਮੇਂ ਝੋਨੇ ਦੀ ਫ਼ਸਲ ਲਈ ਨਹਿਰਾਂ ਰਾਹੀਂ ਪਾਣੀ ਦੀ ਸਪਲਾਈ ਜਾਰੀ ਹੈ, ਪਰ ਜੇਕਰ ਅਗਸਤ ਮਹੀਨਾ ਵੀ ਸੁੱਕਾ ਲੰਘਦਾ ਹੈ ਤਾਂ ਨਹਿਰੀ ਪਾਣੀ ਵਿੱਚ ਕਟੌਤੀ ਕਰਨੀ ਪੈ ਸਕਦੀ ਹੈ।

ਡੈਮਾਂ ਵਿੱਚ ਪਾਣੀ ਦੀ ਘਾਟ ਦਾ ਅਸਰ ਬਿਜਲੀ ਉਤਪਾਦਨ 'ਤੇ ਵੀ ਪੈ ਸਕਦਾ ਹੈ। ਭਾਖੜਾ ਡੈਮ ਵਿੱਚ ਇਸ ਵੇਲੇ ਸਮਰੱਥਾ ਦੇ ਮੁਕਾਬਲੇ ਸਿਰਫ਼ 41 ਫ਼ੀਸਦੀ ਪਾਣੀ ਬਚਿਆ ਹੈ, ਜਦਕਿ ਪੌਂਗ ਅਤੇ ਰਣਜੀਤ ਸਾਗਰ ਡੈਮਾਂ ਦੀ ਸਥਿਤੀ ਵੀ ਚਿੰਤਾਜਨਕ ਬਣੀ ਹੋਈ ਹੈ। ਹੁਣ ਸਭ ਦੀਆਂ ਨਜ਼ਰਾਂ ਅਗਸਤ ਮਹੀਨੇ ਦੌਰਾਨ ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕਿਆਂ ਵਿੱਚ ਹੋਣ ਵਾਲੀ ਬਾਰਿਸ਼ ਉੱਤੇ ਟਿਕੀਆਂ ਹੋਈਆਂ ਹਨ। ਜੇਕਰ ਮੀਂਹ ਨੇ ਸਾਥ ਨਾ ਦਿੱਤਾ ਤਾਂ ਪੰਜਾਬ ਨੂੰ ਨਾ ਸਿਰਫ਼ ਪਾਣੀ ਦੀ ਕਮੀ, ਸਗੋਂ ਖੇਤੀਬਾੜੀ ਅਤੇ ਬਿਜਲੀ ਉਤਪਾਦਨ ਵਰਗੇ ਖੇਤਰਾਂ ਵਿੱਚ ਵੀ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਅੰਮ੍ਰਿਤਪਾਲ ਸਿੰਘ ਦੀ ਰਿਹਾਈ ਲਈ ਚੰਡੀਗੜ੍ਹ ਕੂਚ ਦੌਰਾਨ ਹੰਗਾਮਾ: ਬੈਰੀਕੇਡਿੰਗ ਤੋੜ ਅੱਗੇ ਵਧੇ ਪ੍ਰਦਰਸ਼ਨਕਾਰੀ, ਵਾਟਰ ਕੈਨਨ 'ਤੇ ਚੜ੍ਹਿਆ ਨੌਜਵਾਨ, ਸੁਰੱਖਿਆ ਬਲਾਂ ਦੀ ਸਖ਼ਤ ਤਾਇਨਾਤੀ



**ਚੰਡੀਗੜ੍ਹ:** ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਵੱਖ-ਵੱਖ ਜੇਲ੍ਹਾਂ ਵਿੱਚ ਬੰਦ 'ਬੰਦੀ ਸਿੰਘਾਂ' ਦੀ ਰਿਹਾਈ ਦੀ ਮੰਗ ਨੂੰ ਲੈ ਕੇ 'ਵਾਰਿਸ ਪੰਜਾਬ ਦੇ' ਨਾਲ ਜੁੜੇ ਆਗੂਆਂ, ਵਰਕਰਾਂ ਅਤੇ ਸਮਰਥਕਾਂ ਵੱਲੋਂ ਚੰਡੀਗੜ੍ਹ ਵੱਲ ਕੱਢੇ ਗਏ ਵਿਸ਼ਾਲ ਰੋਸ ਮਾਰਚ ਦੌਰਾਨ ਬੁੱਧਵਾਰ ਨੂੰ ਸਥਿਤੀ ਕਾਫ਼ੀ ਤਣਾਅਪੂਰਨ ਬਣ ਗਈ। ਚੰਡੀਗੜ੍ਹ ਸਰਹੱਦ 'ਤੇ ਪੁਲੀਸ ਵੱਲੋਂ ਕੀਤੀ ਗਈ ਸਖ਼ਤ ਬੈਰੀਕੇਡਿੰਗ ਅਤੇ ਭਾਰੀ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਪ੍ਰਦਰਸ਼ਨਕਾਰੀਆਂ ਨੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਲੰਬੇ ਸਮੇਂ ਤੱਕ ਖਿੱਚੋਤਾਣ ਜਾਰੀ ਰਹੀ।

ਮੁਹਾਲੀ ਵੱਲੋਂ ਚੰਡੀਗੜ੍ਹ ਵਿੱਚ ਦਾਖ਼ਲ ਹੋ ਰਹੇ ਰੋਸ ਮਾਰਚ ਨੂੰ ਰੋਕਣ ਲਈ ਪੁਲੀਸ ਨੇ ਕਈ ਥਾਵਾਂ 'ਤੇ ਬੈਰੀਕੇਡ ਲਗਾਏ ਹੋਏ ਸਨ ਅਤੇ ਵਾਟਰ ਕੈਨਨ ਸਮੇਤ ਵੱਡੀ ਗਿਣਤੀ ਵਿੱਚ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਸਨ। ਇਸ ਦੌਰਾਨ ਇੱਕ ਨੌਜਵਾਨ ਪ੍ਰਦਰਸ਼ਨਕਾਰੀ ਪੁਲੀਸ ਦੀ ਵਾਟਰ ਕੈਨਨ ਵਾਲੀ ਗੱਡੀ ਉੱਤੇ ਚੜ੍ਹ ਗਿਆ, ਜਿਸ ਨਾਲ ਮੌਕੇ 'ਤੇ ਤਣਾਅ ਹੋਰ ਵੱਧ ਗਿਆ। ਇਹ ਦ੍ਰਿਸ਼ ਦੇਖਦੇ ਹੀ ਪੁਲੀਸ ਅਤੇ ਹੋਰ ਸੁਰੱਖਿਆ ਕਰਮਚਾਰੀ ਤੁਰੰਤ ਹਰਕਤ ਵਿੱਚ ਆ ਗਏ ਅਤੇ ਸਥਿਤੀ ਨੂੰ ਕਾਬੂ ਵਿੱਚ ਰੱਖਣ ਲਈ ਵਾਧੂ ਬਲ ਤਾਇਨਾਤ ਕਰ ਦਿੱਤੇ ਗਏ।

ਜਾਣਕਾਰੀ ਅਨੁਸਾਰ 'ਵਾਰਿਸ ਪੰਜਾਬ ਦੇ' ਨਾਲ ਜੁੜੇ ਕਾਰਕੁਨ ਚੰਡੀਗੜ੍ਹ ਵਿੱਚ ਦਾਖ਼ਲ ਹੋਣ ਲਈ ਲਗਾਤਾਰ ਅੱਗੇ ਵਧਦੇ ਰਹੇ ਅਤੇ ਕਈ ਥਾਵਾਂ 'ਤੇ ਲਗਾਈਆਂ ਰੋਕਾਂ ਨੂੰ ਪਾਰ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰੀ ਰਿਹਾਇਸ਼ ਵੱਲ ਕੂਚ ਕਰਨ ਦੀ ਕੋਸ਼ਿਸ਼ ਕੀਤੀ। ਇਸ ਕਾਰਨ ਚੰਡੀਗੜ੍ਹ ਅਤੇ ਮੁਹਾਲੀ ਦੀ ਸਰਹੱਦ 'ਤੇ ਸੁਰੱਖਿਆ ਪ੍ਰਬੰਧ ਹੋਰ ਵੀ ਸਖ਼ਤ ਕਰ ਦਿੱਤੇ ਗਏ।

ਦੂਜੇ ਪਾਸੇ, ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਚੰਡੀਗੜ੍ਹ ਪੁਲੀਸ ਨੇ ਬਹੁ-ਪੱਧਰੀ ਬੈਰੀਕੇਡਿੰਗ ਕਰਕੇ ਸੁਰੱਖਿਆ ਘੇਰਾ ਹੋਰ ਮਜ਼ਬੂਤ ਕਰ ਦਿੱਤਾ। ਕਿਸੇ ਵੀ ਅਣਚਾਹੀ ਘਟਨਾ ਨੂੰ ਰੋਕਣ ਲਈ ਵੱਡੀ ਗਿਣਤੀ ਵਿੱਚ ਪੁਲੀਸ ਮੁਲਾਜ਼ਮ, ਰੈਪਿਡ ਐਕਸ਼ਨ ਫੋਰਸ ਅਤੇ ਹੋਰ ਸੁਰੱਖਿਆ ਏਜੰਸੀਆਂ ਦੇ ਜਵਾਨ ਤਾਇਨਾਤ ਕੀਤੇ ਗਏ। ਆਉਣ-ਜਾਣ ਵਾਲੇ ਹਰ ਵਾਹਨ ਅਤੇ ਵਿਅਕਤੀ ਦੀ ਜਾਂਚ ਕੀਤੀ ਜਾ ਰਹੀ ਸੀ ਅਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਨਿਗਰਾਨੀ ਵਧਾ ਦਿੱਤੀ ਗਈ।

ਪ੍ਰਦਰਸ਼ਨ ਦੌਰਾਨ ਪੁਲੀਸ ਨੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਨੇੜੇ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਦੀ ਪਤਨੀ ਸੰਦੀਪ ਕੌਰ ਨੂੰ ਚਾਰ ਤੋਂ ਪੰਜ ਕਾਰਕੁਨਾਂ ਸਮੇਤ ਹਿਰਾਸਤ ਵਿੱਚ ਲੈ ਲਿਆ। ਜਾਣਕਾਰੀ ਮੁਤਾਬਕ, ਹਿਰਾਸਤ ਵਿੱਚ ਲਏ ਗਏ ਇਨ੍ਹਾਂ ਕਾਰਕੁਨਾਂ ਨੂੰ ਬਾਅਦ ਵਿੱਚ ਹੀਰਾ ਚੌਂਕ ਵਿਖੇ ਨਿਰਧਾਰਤ ਪ੍ਰਦਰਸ਼ਨ ਸਥਾਨ 'ਤੇ ਛੱਡ ਦਿੱਤਾ ਗਿਆ।

ਇਸ ਤੋਂ ਪਹਿਲਾਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਸੱਦੇ 'ਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਮੁੱਲਾਂਪੁਰ ਦਾਖਾ ਸਮੇਤ ਕਈ ਇਲਾਕਿਆਂ ਤੋਂ ਹਜ਼ਾਰਾਂ ਲੋਕ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਖੇ ਇਕੱਠੇ ਹੋਏ ਸਨ। ਉੱਥੋਂ ਸ਼ਾਂਤਮਈ ਮਾਰਚ ਦੇ ਰੂਪ ਵਿੱਚ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਕੂਚ ਸ਼ੁਰੂ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਦੀ ਮੁੱਖ ਮੰਗ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਹੋਰ 'ਬੰਦੀ ਸਿੰਘਾਂ' ਦੀ ਤੁਰੰਤ ਰਿਹਾਈ ਸੀ।

ਮਾਰਚ ਦੇ ਮੱਦੇਨਜ਼ਰ ਚੰਡੀਗੜ੍ਹ ਟਰੈਫਿਕ ਪੁਲੀਸ ਨੇ ਪਹਿਲਾਂ ਹੀ ਵਿਸ਼ੇਸ਼ ਟਰੈਫਿਕ ਐਡਵਾਈਜ਼ਰੀ ਜਾਰੀ ਕਰਕੇ ਲੋਕਾਂ ਨੂੰ ਕਈ ਰੂਟਾਂ ਤੋਂ ਬਚਣ ਦੀ ਅਪੀਲ ਕੀਤੀ ਸੀ। ਸ਼ਹਿਰ ਦੇ ਕਈ ਮੁੱਖ ਰਸਤੇ ਆਵਾਜਾਈ ਲਈ ਅਸਥਾਈ ਤੌਰ 'ਤੇ ਬੰਦ ਜਾਂ ਡਾਇਵਰਟ ਕੀਤੇ ਗਏ, ਜਿਸ ਕਾਰਨ ਯਾਤਰੀਆਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

ਚੰਡੀਗੜ੍ਹ ਅਤੇ ਮੁਹਾਲੀ ਦੀ ਸਰਹੱਦ 'ਤੇ ਦਿਨ ਭਰ ਤਣਾਅਪੂਰਨ ਮਾਹੌਲ ਬਣਿਆ ਰਿਹਾ। ਪ੍ਰਸ਼ਾਸਨ ਵੱਲੋਂ ਲਗਾਤਾਰ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਸੁਰੱਖਿਆ ਏਜੰਸੀਆਂ ਨੂੰ ਕਿਸੇ ਵੀ ਅਣਚਾਹੀ ਘਟਨਾ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ। ਉੱਥੇ ਹੀ ਪ੍ਰਦਰਸ਼ਨਕਾਰੀ ਆਪਣੀਆਂ ਮੰਗਾਂ ਨੂੰ ਲੈ ਕੇ ਡਟੇ ਹੋਏ ਹਨ, ਜਿਸ ਕਾਰਨ ਆਉਣ ਵਾਲੇ ਸਮੇਂ ਵਿੱਚ ਸਥਿਤੀ ਕਿਸ ਪਾਸੇ ਵਧਦੀ ਹੈ, ਇਸ 'ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

# ਪੰਜਾਬ ਪੁਲੀਸ ਨੇ ਫ਼ਰੀਦਕੋਟ ਫਾਰਮੇਸੀ ਪ੍ਰੀਖਿਆ ਵਿੱਚ ਹਰਿਆਣਾ ਦੇ ਨਕਲ ਗਰੋਹ ਦਾ ਕੀਤਾ ਪਰਦਾਫਾਸ਼: ਬੈਂਸ

## ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਭਿਵਾਨੀ ਨੂੰ ਦੱਸਿਆ 'ਨਕਲ ਦੀ ਫ਼ੈਕਟਰੀ'

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਪੁਲੀਸ ਨੇ ਹਰਿਆਣਾ ਦੇ ਇੱਕ ਅੰਤਰਰਾਜੀ ਨਕਲ ਮਾਰਨ ਵਾਲੇ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਗਰੋਹ ਦਾ ਸਰਗਨਾ ਭਿਵਾਨੀ ਦਾ ਰਹਿਣ ਵਾਲਾ ਹੈ ਅਤੇ ਇਸ ਨੇ ਬੀ ਐੱਫ ਯੂ ਐੱਚ ਐੱਸ ਫ਼ਰੀਦਕੋਟ ਫਾਰਮੇਸੀ ਪ੍ਰੀਖਿਆ ਵਿੱਚ ਨਕਲ ਕਰਵਾਉਣ ਲਈ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਸੀ।

ਬੈਂਸ ਨੇ ਕਿਹਾ ਕਿ ਇਸ ਕਾਰਵਾਈ ਨਾਲ ਹਰਿਆਣਾ ਦੇ ਸੰਗਠਿਤ ਨਕਲ ਨੈੱਟਵਰਕ ਦਾ ਪਰਦਾਫਾਸ਼ ਕੀਤਾ ਗਿਆ ਹੈ ਅਤੇ ਪੰਜਾਬ 'ਤੇ ਲੱਗੇ ਪੇਪਰ ਲੀਕ ਦੇ ਦੋਸ਼ਾਂ ਨੂੰ ਨਕਾਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਇਸ ਰੈਕੇਟ ਨੂੰ ਸਾਲਾਂ ਤੋਂ ਵਧਣ-ਫੁੱਲਣ ਦਿੱਤਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਕਿਸੇ ਨੂੰ ਵੀ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਬਦਨਾਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਸੂਬਾ ਸਰਕਾਰ ਨੇ "ਉੱਡਦਾ ਪੰਜਾਬ" ਨੂੰ "ਪੜ੍ਹਦਾ ਪੰਜਾਬ" ਵਿੱਚ ਬਦਲ ਦਿੱਤਾ ਹੈ।

ਚੰਡੀਗੜ੍ਹ ਵਿੱਚ ਪੇਡਾ ਕੰਪਲੈਕਸ ਵਿਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਬੈਂਸ ਨੇ ਕਿਹਾ ਕਿ ਪੰਜਾਬ ਦੀ ਸਿੱਖਿਆ ਪ੍ਰਣਾਲੀ ਪਾਰਦਰਸ਼ਤਾ ਅਤੇ ਮੈਰਿਟ 'ਤੇ ਆਧਾਰਿਤ ਹੈ, ਜਦੋਂ ਕਿ ਹਰਿਆਣਾ ਸਾਲਾਂ ਤੋਂ ਉੱਥੇ ਚੱਲ ਰਹੇ ਰੈਕੇਟ ਦੇ ਬਾਵਜੂਦ ਪ੍ਰੀਖਿਆ ਵਿੱਚ ਨਕਲ ਨੂੰ ਰੋਕਣ ਵਿੱਚ ਅਸਫਲ ਰਿਹਾ ਹੈ। ਉਨ੍ਹਾਂ ਕਿਹਾ, "ਹਰਿਆਣਾ ਦੇ ਮੁੱਖ ਮੰਤਰੀ ਦੂਜੇ ਸੂਬਿਆਂ ਵਿੱਚ ਰਾਜਨੀਤਕ ਏਜੰਡੇ ਤੈਅ ਕਰਨ ਵਿੱਚ ਰੁੱਝੇ ਹੋਏ ਹਨ ਪਰ ਉਨ੍ਹਾਂ ਕੋਲ ਆਪਣੇ ਸੂਬੇ ਦੇ ਵਿਦਿਆਰਥੀਆਂ ਦੇ ਭਵਿੱਖ ਦੀ ਰਾਖੀ ਲਈ ਸਮਾਂ ਨਹੀਂ ਹੈ।"




ਪੰਜਾਬ ਦੇ ਸਿੱਖਿਆ ਮੰਤਰੀ ਨੇ ਕਿਹਾ, "ਹਰਿਆਣਾ ਪੁਲੀਸ ਨਕਲ ਮਾਰਨ ਵਾਲੇ ਗਰੋਹ ਵਿਰੁੱਧ ਕਾਰਵਾਈ ਕਰਨ ਵਿੱਚ ਅਸਫਲ ਰਹੀ। ਇਹ ਪੰਜਾਬ ਪੁਲੀਸ ਸੀ ਜਿਸ ਨੇ ਬੀ ਐੱਫ ਯੂ ਐੱਚ ਐੱਸ ਫ਼ਰੀਦਕੋਟ ਫਾਰਮੇਸੀ ਪ੍ਰੀਖਿਆ ਨਕਲ ਕੇਸ ਨੂੰ ਸੁਲਝਾਇਆ, ਜਿਸ ਦੀਆਂ ਤਾਰਾਂ ਭਿਵਾਨੀ ਦੇ ਮਾਸਟਰਮਾਈਂਡ ਨਾਲ ਜੁੜੀਆਂ ਹੋਈਆਂ ਸਨ। ਫਿਰ ਵੀ ਸਾਨੂੰ ਬਦਨਾਮ ਕੀਤਾ ਜਾ ਰਿਹਾ ਹੈ।"

ਹਰਿਆਣਾ ਸਰਕਾਰ ਨੂੰ ਸੰਦੇਸ਼ ਦਿੰਦਿਆਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਪੇਪਰ ਲੀਕ ਕਰਨੇ ਬੰਦ ਕਰੋ ਅਤੇ ਆਪਣੇ ਘਰ ਨੂੰ ਸੰਭਾਲਣਾ ਸ਼ੁਰੂ ਕਰੋ। ਪੰਜਾਬ ਵਿੱਚ ਨਕਲ ਪ੍ਰਤੀ ਜ਼ੀਰੋ ਟੋਲਰੈਂਸ (ਬਰਦਾਸ਼ਤ ਨਾ ਕਰਨ) ਦੀ ਨੀਤੀ ਹੈ। ਅਸੀਂ ਇਸ ਵਿੱਚ ਸ਼ਾਮਲ ਹਰ ਇੱਕ ਵਿਅਕਤੀ ਨੂੰ ਫੜਾਂਗੇ। ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਬੰਦ ਕਰੋ।"

ਭਿਵਾਨੀ ਨੂੰ ਸੰਗਠਿਤ ਨਕਲ ਨੈੱਟਵਰਕ ਦਾ ਕੇਂਦਰ ਬਿੰਦੂ ਕਰਾਰ ਦਿੰਦਿਆਂ ਬੈਂਸ ਨੇ ਕਿਹਾ, "ਭਿਵਾਨੀ ਸਿਰਫ਼ ਇੱਕ ਸ਼ਹਿਰ ਨਹੀਂ ਹੈ, ਇਹ ਨਕਲ ਦੀ ਫ਼ੈਕਟਰੀ ਬਣ ਚੁੱਕੀ ਹੈ। ਉਨ੍ਹਾਂ ਨੇ ਹਰਿਆਣਾ ਦੇ ਹਜ਼ਾਰਾਂ ਨੌਜਵਾਨਾਂ ਦੇ ਸੁਪਨਿਆਂ ਨੂੰ ਤਬਾਹ ਕਰ ਦਿੱਤਾ ਹੈ ਜੋ ਨੌਕਰੀਆਂ, ਦਾਖਲਿਆਂ ਅਤੇ ਪਲੇਸਮੈਂਟ ਦੇ ਹੱਕਦਾਰ ਸਨ। ਆਪਣੇ ਹੀ ਬੱਚਿਆਂ ਦਾ ਭਵਿੱਖ ਬਰਬਾਦ ਕਰਨ ਤੋਂ ਬਾਅਦ, ਉਹ ਆਪਣਾ ਗੈਰ-ਕਾਨੂੰਨੀ ਕਾਰੋਬਾਰ ਫੈਲਾਉਣ ਲਈ ਪੰਜਾਬ ਆਏ। ਇਹ ਸੈਣੀ ਸਰਕਾਰ ਦਾ ਮਾਡਲ ਹੈ; ਆਪਣੇ ਆਪ ਨੂੰ ਤਬਾਹ ਕਰੋ, ਫਿਰ ਦੂਜਿਆਂ ਨੂੰ ਤਬਾਹ ਕਰੋ।"

ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਰੈਕੇਟ ਹਰਿਆਣਾ ਤੋਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਫਾਰਮ ਭਰ ਕੇ ਅਤੇ ਨਕਲ ਕਰਵਾਉਣ ਲਈ ਆਧੁਨਿਕ ਉਪਕਰਨਾਂ ਦੀ ਵਰਤੋਂ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਇਸ ਗਰੋਹ ਦੇ ਮੈਂਬਰ ਨੈੱਟਵਰਕ ਚਲਾਉਣ ਲਈ ਮਾਈਕ੍ਰੋ-ਚਿੱਪ ਡਿਵਾਈਸਾਂ ਵਿੱਚ ਬਦਲੇ ਕੇਚੌਂਡਾ (ਕੇ33) ਫੋਨਾਂ, ਲੁਕਾਏ ਗਏ ਸੰਚਾਰ ਉਪਕਰਣਾਂ ਅਤੇ ਹੋਰ ਉੱਨਤ ਯੰਤਰਾਂ ਦੀ ਵਰਤੋਂ ਕਰਦੇ ਸਨ। ਉਨ੍ਹਾਂ ਕਿਹਾ, "ਮਾਸਟਰਮਾਈਂਡ ਹਰਿਆਣਾ ਦੇ ਭਿਵਾਨੀ ਦਾ ਰਹਿਣ ਵਾਲਾ ਹੈ। ਇਹ ਹੈਂਡਲਰ ਸਾਲਾਂ ਤੋਂ ਹਰਿਆਣਾ ਵਿੱਚ ਅਜਿਹੀਆਂ ਗਤੀਵਿਧੀਆਂ ਨੂੰ ਅੰਜ਼ਾਮ ਦਿੰਦੇ ਸਨ। ਜਦੋਂ ਉਨ੍ਹਾਂ ਦੇ ਆਪਣੇ ਸੂਬਾ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਉਹ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਪੰਜਾਬ ਵੱਲ ਆਏ।"

# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸਿੱਖ ਵਿਧਾਇਕਾਂ ਅਤੇ ਕੈਬਨਿਟ ਮੰਤਰੀਆਂ ਨੂੰ ਪੱਤਰ

## ਬਿਨਾਂ ਪੰਥਕ ਸਹਿਮਤੀ ਕਾਨੂੰਨ ਵਿੱਚ ਅਗਲੇਰੀ ਸੋਧ ਨੂੰ ਸਮਰਥਨ ਨਾ ਦਿੱਤਾ ਜਾਵੇ: ਜਥੇਦਾਰ



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ, ਸਿੱਖ ਮੰਤਰੀਆਂ ਅਤੇ ਵਿਧਾਇਕਾਂ ਨੂੰ ਤਾਕੀਦ ਕੀਤੀ ਹੈ ਕਿ ਉਹ 3 ਅਗਸਤ ਨੂੰ ਹੋਣ ਵਾਲੇ ਪੰਜਾਬ ਵਿਧਾਨ ਸਭਾ ਦੇ ਇਜਲਾਸ ਦੌਰਾਨ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਵਿੱਚ ਪੰਥਕ ਸਹਿਮਤੀ ਤੋਂ ਬਿਨਾਂ ਹੋਰ ਵਧੇਰੇ ਸੋਧ ਕਰਨ ਬਾਰੇ ਸਹਿਮਤੀ ਨਾ ਦੇਣ।

ਇਸ ਸਬੰਧ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਸਿੱਖ ਵਿਧਾਇਕਾਂ ਅਤੇ ਸਿੱਖ ਕੈਬਨਿਟ ਮੰਤਰੀਆਂ, ਜੋ 29 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਏ ਸਨ, ਨੂੰ ਵੱਖ-ਵੱਖ ਪੱਤਰ ਭੇਜੇ ਗਏ ਹਨ। ਪੱਤਰ ਵਿੱਚ ਉਨ੍ਹਾਂ ਨੂੰ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਸਬੰਧੀ 3 ਅਗਸਤ ਤੋਂ ਸ਼ੁਰੂ ਹੋਣ ਵਾਲੇ ਪੰਜਾਬ ਵਿਧਾਨ ਸਭਾ ਸੈਸ਼ਨ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੱਖ ਰੱਖਣ ਦੀ ਧਾਰਮਿਕ ਜ਼ਿੰਮੇਵਾਰੀ ਲਗਾਉਂਦਿਆਂ ਤਾਕੀਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿੱਚ 29 ਜੁਲਾਈ ਨੂੰ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਇਸ ਸਬੰਧ ਵਿੱਚ ਇੱਕ ਪੱਤਰ ਭੇਜਿਆ ਗਿਆ ਸੀ, ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਏ ਗਏ ਇਤਰਾਜ਼ਾਂ ਦੇ ਜਵਾਬ ਦਿੱਤੇ ਗਏ ਸਨ। ਪਰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਪੰਜਾਬ ਸਰਕਾਰ ਦੁਆਰਾ ਭੇਜੇ ਗਏ ਇਸ ਜਵਾਬ ਨੂੰ ਅਸੰਤੁਸ਼ਟੀਜਨਕ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਗਿਆ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅੱਜ ਭੇਜੇ ਗਏ ਪੱਤਰ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਸਮੇਤ ਸਿੱਖ ਵਿਧਾਇਕਾਂ ਅਤੇ ਕੈਬਨਿਟ ਮੰਤਰੀਆਂ ਨੂੰ ਕਿਹਾ ਗਿਆ ਹੈ ਕਿ ਸੈਸ਼ਨ ਦੌਰਾਨ ਉਹ ਇਹ ਯਕੀਨੀ ਬਣਾਉਣ ਕਿ ਜਦੋਂ ਤੱਕ ਕਾਨੂੰਨ ਦੇ ਮਸਲੇ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਰਕਾਰ ਦੀ ਸਹਿਮਤੀ ਨਹੀਂ ਬਣ ਜਾਂਦੀ, ਉਦੋਂ ਤੱਕ ਉਨ੍ਹਾਂ ਵੱਲੋਂ ਕਾਨੂੰਨ ਵਿੱਚ ਕੀਤੀ ਜਾਣ ਵਾਲੀ ਅਗਲੇਰੀ ਸੋਧ ਨੂੰ ਕੋਈ ਸਹਿਮਤੀ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਉਹ ਬਤੌਰ ਸਿੱਖ ਆਪਣਾ ਫ਼ਰਜ਼ ਪਛਾਣਨ ਅਤੇ ਸਰਕਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਰਜ ਕਰਵਾਈਆਂ ਸਿੱਖ ਭਾਵਨਾਵਾਂ ਅਨੁਸਾਰ ਕਾਨੂੰਨ ਵਿੱਚ ਸੋਧ ਕਰਨ ਲਈ ਆਖਣ।

ਸਪੀਕਰ ਨੂੰ ਲਿਖੇ ਪੱਤਰ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਚਿੰਤਾਵਾਂ ਸਰਕਾਰ ਜਾਂ ਸਿਆਸਤ ਨੂੰ ਲੈ ਕੇ ਨਹੀਂ, ਸਗੋਂ ਭਵਿੱਖ ਵਿੱਚ ਕਾਨੂੰਨ ਦੀ ਸੰਭਾਵਿਤ ਦੁਰਵਰਤੋਂ ਨੂੰ ਲੈ ਕੇ ਹਨ। ਇਸ ਸਬੰਧ ਵਿੱਚ ਟਾਡਾ ਅਤੇ ਯੂ ਏ ਪੀ ਏ ਵਰਗੇ ਕਾਨੂੰਨਾਂ ਦੀ ਦੁਰਵਰਤੋਂ ਦੀ ਮਿਸਾਲ ਦਿੰਦਿਆਂ ਆਖਿਆ ਗਿਆ ਹੈ ਕਿ ਇਤਿਹਾਸ ਸਾਹਮਣੇ ਹੈ ਅਤੇ ਇਹ ਭਰੋਸਾ ਨਹੀਂ ਕੀਤਾ ਜਾ ਸਕਦਾ ਕਿ ਬੇਅਦਬੀ ਦੇ ਨਾਂ 'ਤੇ ਭਵਿੱਖ ਵਿੱਚ ਇਸ ਕਾਨੂੰਨ ਦੀ ਵਰਤੋਂ ਸਿੱਖਾਂ ਖ਼ਿਲਾਫ਼ ਨਹੀਂ ਹੋਵੇਗੀ। ਇਸ ਲਈ ਇਸ ਮਸਲੇ ਨੂੰ ਸਿਆਸਤ ਤੋਂ ਉੱਪਰ ਉੱਠ ਕੇ ਨਿਰਪੱਖਤਾ ਨਾਲ ਦੇਖਣ ਦੀ ਲੋੜ ਹੈ।

ਉੱਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਮਾਮਲੇ ਵਿੱਚ ਸਰਕਾਰ ਨਾਲ ਗੱਲਬਾਤ ਦਾ ਰਾਹ ਖੁੱਲ੍ਹਾ ਰੱਖਿਆ ਗਿਆ ਹੈ। ਸਰਕਾਰ ਨਾਲ ਸੰਵਾਦ ਅਤੇ ਸਹਿਮਤੀ ਬਣਾਉਣ ਲਈ ਜਸਟਿਸ (ਸੇਵਾਮੁਕਤ) ਰੁਪਿੰਦਰ ਸਿੰਘ ਸੋਢੀ, ਜਸਟਿਸ (ਸੇਵਾਮੁਕਤ) ਮੋਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਸਿੱਖ ਵਿਦਵਾਨ ਡਾ. ਕੇਹਰ ਸਿੰਘ ਪਟਿਆਲਾ, ਪ੍ਰੋ. ਜਗਮੋਹਨ ਸਿੰਘ ਲੁਧਿਆਣਾ ਅਤੇ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਬ-ਦਫ਼ਤਰ ਦੇ ਵਧੀਕ ਸਕੱਤਰ ਲਖਵੀਰ ਸਿੰਘ ਨੂੰ ਕੋਆਰਡੀਨੇਟਰ ਵਜੋਂ ਸ਼ਾਮਲ ਕਰਕੇ ਸਿੱਖ ਮਾਹਰਾਂ ਦੀ ਇੱਕ ਕਮੇਟੀ ਗਠਿਤ ਕੀਤੀ ਹੈ। ਸਰਕਾਰ ਨੂੰ ਕਿਹਾ ਗਿਆ ਹੈ ਕਿ ਉਹ ਇਸ ਕਮੇਟੀ ਨਾਲ ਰਾਬਤਾ ਕਰਕੇ ਦੋ ਮਹੀਨਿਆਂ ਦੇ ਅੰਦਰ ਕਾਨੂੰਨ ਸਬੰਧੀ ਸਹਿਮਤੀ ਬਣਾਵੇ।

# ਐੱਫ਼ ਬੀ ਆਈ ਦੀ ਵਾਂਟੇਡ ਸੂਚੀ ਵਿੱਚ ਸ਼ਾਮਲ ਅੰਮ੍ਰਿਤਪਾਲ ਦੇ ਪਰਿਵਾਰ ਨੇ ਨਸ਼ਾ ਤਸਕਰੀ ਦੇ ਦੋਸ਼ਾਂ ਨੂੰ ਨਕਾਰਿਆ

## ਅੰਮ੍ਰਿਤਪਾਲ ਦੀ ਇੱਕ ਸਾਲ ਪਹਿਲਾਂ ਸੜਕ ਹਾਦਸੇ ਵਿੱਚ ਹੋ ਚੁੱਕੀ ਹੈ ਮੌਤ

ਅਮਰੀਕੀ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ਼ ਬੀ ਆਈ) ਵੱਲੋਂ ਇੱਕ ਕੌਮਾਂਤਰੀ ਅਪਰਾਧਕ ਸੰਗਠਨ ਅਤੇ ਨਸ਼ਾ ਤਸਕਰੀ ਵਿੱਚ ਕਥਿਤ ਸ਼ਮੂਲੀਅਤ ਲਈ ਜਲੰਧਰ ਨਾਲ ਸਬੰਧਤ ਮ੍ਰਿਤਕ ਅੰਮ੍ਰਿਤਪਾਲ ਸਿੰਘ ਦਾ ਨਾਮ "ਲੋੜੀਂਦੇ" (ਵਾਂਟੇਡ) ਵਜੋਂ ਸੂਚੀਬੱਧ ਕੀਤਾ ਗਿਆ ਹੈ। ਇਸ ਮਾਮਲੇ 'ਤੇ ਅੰਮ੍ਰਿਤਪਾਲ ਦੇ ਪਰਿਵਾਰ ਨੇ ਵੀਰਵਾਰ ਨੂੰ ਇਸ ਦੀ ਨਵੇਂ ਸਿਰੇ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਅੰਮ੍ਰਿਤਪਾਲ ਦੇ ਪੈਸਿਆਂ ਦੇ ਲੈਣ-ਦੇਣ ਦੀ ਪੜਤਾਲ ਕਰਨ ਲਈ ਵੀ ਕਿਹਾ ਹੈ ਅਤੇ ਸਾਫ਼ ਕੀਤਾ ਹੈ ਕਿ ਉਹ ਆਪਣੀ ਜਾਇਦਾਦ ਅਤੇ ਖਾਤਿਆਂ ਦੀ ਜਾਂਚ ਕਰਵਾਉਣ ਲਈ ਵੀ ਤਿਆਰ ਹਨ।

ਅੰਮ੍ਰਿਤਪਾਲ ਦਾ ਨਾਮ ਉਸਦੀ ਮੌਤ ਤੋਂ ਇਕ ਸਾਲ ਤੋਂ ਵੱਧ ਸਮੇਂ ਬਾਅਦ ਐੱਫ ਬੀ ਆਈ ਦੀ ਸੂਚੀ ਵਿੱਚ ਸਾਹਮਣੇ ਆਇਆ ਹੈ।

ਅੰਮ੍ਰਿਤਪਾਲ, ਜਲੰਧਰ ਦੇ ਫਿਲੌਰ ਵਿੱਚ ਪੈਂਦੇ ਪਿੰਡ ਮੋਹਈ ਦਾ ਵਸਨੀਕ ਸੀ। ਪਿੰਡ ਵਿੱਚ ਉਸਦੀ ਤਸਵੀਰ ਐੱਫ ਬੀ ਆਈ ਵੱਲੋਂ ਆਪਣੀ "ਲੋੜੀਂਦੇ" (ਵਾਂਟੇਡ) ਸੂਚੀ ਵਿੱਚ ਪਾਈ ਗਈ ਬਿਨਾਂ ਦਸਤਾਰ ਵਾਲੀ ਫੋਟੋ ਤੋਂ ਬਿਲਕੁਲ ਵੱਖਰੀ ਹੈ, ਜਿਸ ਕਾਰਨ ਉਸਦੇ ਆਪਣੇ ਪਿੰਡ ਵਿੱਚ ਰੋਹ ਪੈਦਾ ਹੋ ਗਿਆ ਹੈ।

ਪਰਿਵਾਰ ਨੇ ਜਾਣਕਾਰੀ ਦਿੱਤੀ ਕਿ ਅੰਮ੍ਰਿਤਪਾਲ ਦੀ ਮੌਤ 19 ਫਰਵਰੀ 2025 ਨੂੰ ਫਿਲੌਰ ਦੇ ਪਿੰਡ ਮੋਹਈ ਵਿਖੇ ਇੱਕ ਸੜਕ ਹਾਦਸੇ ਵਿੱਚ ਹੋ ਗਈ ਸੀ, ਜਦੋਂ ਉਹ ਅਮਰੀਕਾ ਤੋਂ ਆਪਣੇ ਘਰ ਆਇਆ ਹੋਇਆ ਸੀ। ਹਾਦਸੇ ਵੇਲੇ ਉਹ ਮੋਟਰਸਾਈਕਲ 'ਤੇ ਸਵਾਰ ਸੀ ਅਤੇ ਉਸ ਦਾ ਮੋਟਰਸਾਈਕਲ ਪਿੰਡ ਦੀ ਸੜਕ 'ਤੇ ਉਸ ਦੀ ਆਪਣੀ ਹੀ ਟਰੈਕਟਰ ਟਰਾਲੀ ਨਾਲ ਟਕਰਾ ਗਿਆ ਸੀ, ਜਿਸ ਨੂੰ ਇੱਕ ਰੱਖਿਆ ਹੋਇਆ ਡਰਾਈਵਰ ਚਲਾ ਰਿਹਾ ਸੀ।



ਪਰਿਵਾਰ ਨੇ ਕਿਹਾ ਕਿ ਉਹ ਭਾਰਤ ਵਿੱਚ ਹੀ ਰਹਿਣ ਲਈ ਉਤਸੁਕ ਸੀ।

ਅੰਮ੍ਰਿਤਪਾਲ ਦੇ ਪਿਤਾ ਹਰਵਿੰਦਰ ਸਿੰਘ ਨੇ ਕਿਹਾ, "ਅੰਮ੍ਰਿਤਪਾਲ ਇੱਕ ਰੱਬ ਤੋਂ ਡਰਨ ਵਾਲਾ ਇਨਸਾਨ ਸੀ ਜੋ ਇਮਾਨਦਾਰੀ ਨਾਲ ਕੰਮ ਕਰਨ ਅਤੇ ਦੂਜਿਆਂ ਦੀ ਮਦਦ ਕਰਨ ਵਿੱਚ ਵਿਸ਼ਵਾਸ ਰੱਖਦਾ ਸੀ। ਜਦੋਂ ਅਸੀਂ ਐੱਫ ਬੀ ਆਈ ਦੀ ਸੂਚੀ ਦੇਖੀ ਤਾਂ ਸਾਡੇ ਲਈ ਇਹ ਇੱਕ ਵੱਡਾ ਝਟਕਾ ਸੀ। ਐੱਫ ਬੀ ਆਈ ਨੂੰ ਸਾਨੂੰ ਦੱਸਣਾ ਚਾਹੀਦਾ ਹੈ ਕਿ ਜੇ ਉਹ ਅਜਿਹੇ ਧੰਦੇ ਵਿੱਚ ਸੀ, ਤਾਂ ਉਸਦਾ ਪੈਸਾ ਕਿੱਥੇ ਹੈ ਅਤੇ ਉਸਨੇ ਕਿਸ ਨੂੰ ਦਿੱਤਾ। ਏਜੰਸੀ ਮੇਰੀਆਂ ਜਾਇਦਾਦਾਂ ਅਤੇ ਖਾਤਿਆਂ ਜਾਂ ਉਸਦੇ ਵੱਡੇ ਭਰਾ ਦੀਆਂ ਜਾਇਦਾਦਾਂ ਦੀ ਜਾਂਚ ਕਰ ਸਕਦੀ ਹੈ। ਸਾਡੇ ਪਰਿਵਾਰ ਵਿੱਚ ਕਿਸੇ ਦਾ ਵੀ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਕੋਈ ਇਤਿਹਾਸ ਨਹੀਂ ਹੈ।"

ਉਨ੍ਹਾਂ ਕਿਹਾ, "ਅੰਮ੍ਰਿਤਪਾਲ 2022 ਵਿੱਚ ਅਮਰੀਕਾ ਗਿਆ ਸੀ। ਇਸ ਤੋਂ ਪਹਿਲਾਂ, ਉਹ ਇੱਥੇ ਆਪਣੀ ਜ਼ਮੀਨ 'ਤੇ ਖੇਤੀ ਕਰਦਾ ਸੀ। ਉੱਥੇ ਜਾਣ ਤੋਂ ਬਾਅਦ, ਉਸਨੇ ਗੁਜ਼ਾਰੇ ਲਈ ਟਰੱਕ ਚਲਾਏ। ਐੱਫ ਬੀ ਆਈ ਨੇ ਉਸਦੀ ਮੌਤ ਤੋਂ ਇੱਕ ਸਾਲ ਬਾਅਦ ਉਸਨੂੰ ਲੋੜੀਂਦਿਆਂ ਦੀ ਸੂਚੀ ਵਿੱਚ ਪਾਇਆ ਹੈ, ਜਦੋਂ ਉਹ ਆਪਣੇ ਬਚਾਅ ਵਿੱਚ ਕੁਝ ਨਹੀਂ ਬੋਲ ਸਕਦਾ। ਇਸ ਕੇਸ ਦੀ ਦੁਬਾਰਾ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਮੈਂ ਆਪਣੇ ਪੈਸੇ ਅਤੇ ਜਾਇਦਾਦ ਦੀ ਵੀ ਪੜਤਾਲ ਕਰਨ ਦਾ ਸੱਦਾ ਦਿੰਦਾ ਹਾਂ।"

ਹਰਵਿੰਦਰ ਨੇ ਕਿਹਾ, "ਜਦੋਂ ਅੰਮ੍ਰਿਤਪਾਲ ਪਿਛਲੇ ਸਾਲ ਫਰਵਰੀ ਵਿੱਚ ਵਾਪਸ ਆਇਆ ਤਾਂ ਉਸਨੇ ਕਿਹਾ ਸੀ ਕਿ ਇੱਥੇ ਜੀਵਨ ਅਤੇ ਕੰਮ ਬਿਹਤਰ ਹੈ ਅਤੇ ਉਹ ਵਾਪਸ ਨਹੀਂ ਜਾਣਾ ਚਾਹੁੰਦਾ। ਉਹ ਕਾਨੂੰਨੀ ਤੌਰ 'ਤੇ, ਸਹੀ ਟਿਕਟਾਂ ਅਤੇ ਇਮੀਗ੍ਰੇਸ਼ਨ ਕਲੀਅਰੈਂਸ ਨਾਲ ਵਾਪਸ ਆਇਆ ਸੀ। ਜੇ ਉਹ ਤਸਕਰ ਸੀ, ਤਾਂ ਹਵਾਈ ਅੱਡੇ 'ਤੇ ਉਸਨੂੰ ਕਲੀਅਰੈਂਸ ਕਿਵੇਂ ਮਿਲ ਗਈ? ਉਹ ਅਮਰੀਕਾ ਤੋਂ ਆਪਣੀ ਕਮਾਈ ਵਿੱਚੋਂ 800 ਤੋਂ 900 ਡਾਲਰ ਲੈ ਕੇ ਆਇਆ ਸੀ ਅਤੇ ਉਸਨੇ ਮੈਨੂੰ ਦੇ ਦਿੱਤੇ ਸਨ। ਮੇਰੇ ਕੋਲ ਅਜੇ ਵੀ 400 ਡਾਲਰ ਬਚੇ ਹਨ।"

ਹਰਵਿੰਦਰ ਦਾ ਵੱਡਾ ਪੁੱਤਰ ਅਤਿੰਦਰ ਸਿੰਘ ਆਪਣੀ ਪਤਨੀ ਅਤੇ ਧੀ ਨਾਲ ਅਮਰੀਕਾ ਵਿੱਚ ਰਹਿੰਦਾ ਹੈ। ਹਰਵਿੰਦਰ ਦੀ ਪਤਨੀ ਬਲਜੀਤ ਕੌਰ ਮੋਹਈ ਪਿੰਡ ਦੀ ਮੌਜੂਦਾ ਸਰਪੰਚ ਹੈ।

### ਪਿਛਲਾ ਕੇਸ

ਸਾਲ 2020 ਵਿੱਚ ਬਿਲਗਾ ਪੁਲੀਸ ਸਟੇਸ਼ਨ ਵਿਖੇ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਪਿਤਾ ਹਰਵਿੰਦਰ ਸਮੇਤ ਤਿੰਨ ਹੋਰਨਾਂ ਖ਼ਿਲਾਫ਼ ਇੱਕ ਪੁਰਾਣਾ ਕੇਸ ਦਰਜ ਹੋਇਆ ਸੀ। ਇਹ ਐੱਫ ਆਈ ਆਰ, ਆਈ ਪੀ ਸੀ ਦੀਆਂ ਧਾਰਾਵਾਂ 323, 324, 148 ਅਤੇ 149 ਤਹਿਤ ਦਰਜ ਕੀਤੀ ਗਈ ਸੀ। ਜਲੰਧਰ ਪੁਲੀਸ ਨੇ ਕਿਹਾ ਕਿ ਬਾਅਦ ਵਿੱਚ ਸਮਝੌਤਾ ਹੋਣ 'ਤੇ ਇਸ ਕੇਸ ਨੂੰ ਖ਼ਾਰਜ ਕਰ ਦਿੱਤਾ ਗਿਆ ਸੀ। ਹਰਵਿੰਦਰ ਨੇ ਕਿਹਾ ਕਿ ਇਹ ਮਾਮਲਾ ਪਿੰਡ ਦੀ ਜਾਇਦਾਦ ਦੇ ਵਿਵਾਦ ਨਾਲ ਸਬੰਧਤ ਸੀ। ਜਲੰਧਰ ਦਿਹਾਤੀ ਪੁਲੀਸ ਅਨੁਸਾਰ ਅੰਮ੍ਰਿਤਪਾਲ ਵਿਰੁੱਧ ਕੋਈ ਹੋਰ ਕੇਸ ਦਰਜ ਨਹੀਂ ਹੈ।

# ਪੰਜਾਬ ਦੇ ਵਪਾਰੀਆਂ ਤੋਂ ਤਿੰਨ ਕਰੋੜ ਦਾ ਸੋਨਾ ਲੁੱਟਿਆ



ਪੰਜਾਬ ਦੇ ਸਰਾਫਾ ਕਾਰੋਬਾਰੀ ਤੋਂ ਹਰਿਆਣਾ ਦੇ ਯਮੁਨਾਨਗਰ ਵਿਚ ਅੱਜ ਦਿਨ ਦਿਹਾੜੇ ਤਿੰਨ ਕਰੋੜ ਰੁਪਏ ਦੇ ਸੋਨੇ ਦੀ ਲੁੱਟ ਕੀਤੀ ਗਈ। ਇਹ ਵਪਾਰੀ ਅੰਮ੍ਰਿਤਸਰ ਤੋਂ ਯਮੁਨਾਨਗਰ ਵਿਚ ਜਿਊਲਰੀ ਸ਼ਾਪ 'ਤੇ ਦੋ ਕਿਲੋ ਦੇ ਕਰੀਬ ਸੋਨੇ ਦੇ ਰਾਅ ਮਟੀਰੀਅਲ ਦੀ ਡਿਲਿਵਰੀ ਕਰਨ ਆ ਰਹੇ ਸਨ। ਜਾਣਕਾਰੀ ਅਨੁਸਾਰ ਜਦੋਂ ਇਹ ਪਿਓ ਪੁੱਤ ਵਪਾਰੀ ਭੰਭੋਲੀ ਖੇਤਰ ਵਿਚ ਪੁੱਜੇ ਤਾਂ ਮੋਟਰਸਾਈਕਲ 'ਤੇ ਆਏ ਲੁਟੇਰਿਆਂ ਨੇ ਵਪਾਰੀ ਦੇ ਪੁੱਤ ਦੇ ਸਿਰ 'ਤੇ ਪਿਸਤੌਲ ਤਾਣ ਦਿੱਤੀ। ਜਦਕਿ ਦੂਜੇ ਨੇ ਚਾਕੂ ਨਾਲ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ। ਇਸ ਦੌਰਾਨ ਲੁਟੇਰੇ ਸੋਨੇ ਵਾਲਾ ਬੈਗ ਖੋਹ ਕੇ ਮੋਟਰਸਾਈਕਲ 'ਤੇ ਫਰਾਰ ਹੋ ਗਏ। ਪੁਲੀਸ ਮੌਕੇ 'ਤੇ ਪਹੁੰਚੀ ਅਤੇ ਪੀੜਤਾਂ ਨੂੰ ਹਸਪਤਾਲ ਪਹੁੰਚਾਇਆ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਮਾਮਲਾ ਦਰਜ ਕੀਤਾ ਗਿਆ ਹੈ।

ਇਸ ਦੀ ਸੂਚਨਾ ਮਿਲਦੇ ਹੀ ਸੀਆਈਏ ਦੀ ਟੀਮ ਤੇ ਪੁਲੀਸ ਥਾਣਾ ਟੀਮ ਮੌਕੇ 'ਤੇ ਪੁੱਜੀਆਂ। ਪੁਲੀਸ ਨੇ ਪੂਰੇ ਖੇਤਰ ਵਿਚ ਨਾਕੇਬੰਦੀ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।



## ‘ਮੇਰੀ ਨਹੀਂ, ਲੋਕਾਂ ਦੀ ਸੁਰੱਖਿਆ ਪਹਿਲਾਂ’: ਸੰਤ ਸੀਚੇਵਾਲ ਨੇ ਛੱਡੀ ਸਰਕਾਰੀ ਸੁਰੱਖਿਆ, ਡੀਜੀਪੀ ਨੂੰ ਪੁਲੀਸ ਜਵਾਨ ਥਾਣਿਆਂ ’ਚ ਭੇਜਣ ਦੀ ਅਪੀਲ

**ਚੰਡੀਗੜ੍ਹ:** ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਆਪਣੀ ਸਰਕਾਰੀ ਸੁਰੱਖਿਆ ਵਾਪਸ ਕਰਨ ਦਾ ਫ਼ੈਸਲਾ ਕਰਦਿਆਂ ਪੰਜਾਬ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਨੂੰ ਇੱਕ ਵੱਖਰਾ ਸੰਦੇਸ਼ ਦਿੱਤਾ ਹੈ। ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲੀਸ (ਡੀਜੀਪੀ) ਨੂੰ ਲਿਖੇ ਪੱਤਰ ਵਿੱਚ ਉਨ੍ਹਾਂ ਨੇ ਆਪਣੀ ਸੁਰੱਖਿਆ ਵਿੱਚ ਤਾਇਨਾਤ ਛੇ ਪੁਲੀਸ ਮੁਲਾਜ਼ਮਾਂ ਨੂੰ ਤੁਰੰਤ ਵਾਪਸ ਬੁਲਾਉਣ ਅਤੇ ਉਨ੍ਹਾਂ ਦੀ ਡਿਊਟੀ ਆਮ ਲੋਕਾਂ ਦੀ ਸੁਰੱਖਿਆ ਲਈ ਥਾਣਿਆਂ ਵਿੱਚ ਲਗਾਉਣ ਦੀ ਅਪੀਲ ਕੀਤੀ ਹੈ।



ਸੰਤ ਸੀਚੇਵਾਲ ਨੇ ਆਪਣੇ ਪੱਤਰ ਵਿੱਚ ਸਪੱਸ਼ਟ ਲਿਖਿਆ ਹੈ ਕਿ ਉਨ੍ਹਾਂ ਨੂੰ ਆਪਣੀ ਜਾਨ ਨੂੰ ਕੋਈ ਖ਼ਾਸ ਖ਼ਤਰਾ ਮਹਿਸੂਸ ਨਹੀਂ ਹੁੰਦਾ, ਇਸ ਲਈ ਉਨ੍ਹਾਂ ਨਾਲ ਸੁਰੱਖਿਆ ਕਰਮਚਾਰੀਆਂ ਦੀ ਤਾਇਨਾਤੀ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵਧ ਰਹੀਆਂ ਚੋਰੀਆਂ, ਲੁੱਟਾਂ-ਖੋਹਾਂ ਅਤੇ ਨਸ਼ਿਆਂ ਨਾਲ ਜੁੜੀਆਂ ਘਟਨਾਵਾਂ ਨੂੰ ਦੇਖਦਿਆਂ ਪੁਲੀਸ ਬਲ ਦੀ ਲੋੜ ਆਮ ਲੋਕਾਂ ਦੀ ਸੁਰੱਖਿਆ ਲਈ ਕਾਫ਼ੀ ਜ਼ਿਆਦਾ ਹੈ।

ਰਾਜ ਸਭਾ ਮੈਂਬਰ ਨੇ ਸੁਝਾਅ ਦਿੱਤਾ ਕਿ ਉਨ੍ਹਾਂ ਨਾਲ ਤਾਇਨਾਤ ਛੇ ਸੁਰੱਖਿਆ ਮੁਲਾਜ਼ਮਾਂ ਵਿੱਚੋਂ ਤਿੰਨ ਨੂੰ ਥਾਣਾ ਲੋਹੀਆਂ ਖ਼ਾਸ ਅਤੇ ਬਾਕੀ ਤਿੰਨ ਨੂੰ ਥਾਣਾ ਸੁਲਤਾਨਪੁਰ ਲੋਧੀ ਵਿੱਚ ਤਾਇਨਾਤ ਕੀਤਾ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਇਲਾਕਿਆਂ ਵਿੱਚ ਅਪਰਾਧਕ ਗਤੀਵਿਧੀਆਂ ਲਗਾਤਾਰ ਵਧ ਰਹੀਆਂ ਹਨ ਅਤੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

ਸੰਤ ਸੀਚੇਵਾਲ ਨੇ ਆਪਣੇ ਪੱਤਰ ਵਿੱਚ ਜਲੰਧਰ ਦੇ ਲੋਹੀਆਂ ਇਲਾਕੇ ਅਤੇ ਸੁਲਤਾਨਪੁਰ ਲੋਧੀ ਦੇ ਪਵਿੱਤਰ ਵੇਈਂ ਦੇ ਆਲੇ-ਦੁਆਲੇ ਵਾਪਰ ਰਹੀਆਂ ਲੁੱਟਾਂ-ਖੋਹਾਂ, ਚੋਰੀਆਂ ਅਤੇ ਨਸ਼ਿਆਂ ਨਾਲ ਜੁੜੀਆਂ ਘਟਨਾਵਾਂ ’ਤੇ ਵੀ ਗੰਭੀਰ ਚਿੰਤਾ ਜਤਾਈ ਹੈ। ਉਨ੍ਹਾਂ ਕਿਹਾ ਕਿ ਮਲਸੀਆਂ ਪੁਲੀਸ ਚੌਕੀ ਵਿੱਚ ਪੁਲੀਸ ਮੁਲਾਜ਼ਮਾਂ ਦੀ ਘਾਟ ਕਾਰਨ ਕਾਨੂੰਨ-ਵਿਵਸਥਾ ਪ੍ਰਭਾਵਿਤ ਹੋ ਰਹੀ ਹੈ, ਜਿਸ ਦਾ ਸਿੱਧਾ ਅਸਰ ਆਮ ਲੋਕਾਂ ਦੀ ਸੁਰੱਖਿਆ ’ਤੇ ਪੈ ਰਿਹਾ ਹੈ।

ਉਨ੍ਹਾਂ ਉਦਾਹਰਨ ਦਿੰਦਿਆਂ ਦੱਸਿਆ ਕਿ ਪਿੰਡ ਸੀਚੇਵਾਲ ਵਿੱਚ ਇੱਕੋ ਰਾਤ ਦੌਰਾਨ ਚੋਰੀ ਦੀਆਂ ਅੱਠ ਵਾਰਦਾਤਾਂ ਹੋ ਚੁੱਕੀਆਂ ਹਨ, ਜਦਕਿ ਬਿਜਲੀ ਦੀਆਂ ਤਾਰਾਂ ਦੀ ਚੋਰੀ ਵੀ ਲਗਾਤਾਰ ਜਾਰੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਕਾਰਨ ਲੋਕਾਂ ਵਿੱਚ ਡਰ ਅਤੇ ਅਸੁਰੱਖਿਆ ਦੀ ਭਾਵਨਾ ਵਧ ਰਹੀ ਹੈ।

ਸੰਤ ਸੀਚੇਵਾਲ ਨੇ ਇਹ ਵੀ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ-ਛੋਹ ਪ੍ਰਾਪਤ ਪਵਿੱਤਰ ਵੇਈਂ ਵਿਖੇ ਦੇਸ਼-ਵਿਦੇਸ਼ ਤੋਂ ਆਉਣ ਵਾਲੀ ਸੰਗਤ ਵੀ ਇਲਾਕੇ ਵਿੱਚ ਵਧ ਰਹੀਆਂ ਅਪਰਾਧਿਕ ਘਟਨਾਵਾਂ ਕਾਰਨ ਚਿੰਤਤ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਨਤਕ ਸੁਰੱਖਿਆ ਨੂੰ ਤਰਜੀਹ ਮਿਲਣੀ ਚਾਹੀਦੀ ਹੈ ਅਤੇ ਪੁਲੀਸ ਬਲ ਦਾ ਵੱਧ ਤੋਂ ਵੱਧ ਇਸਤੇਮਾਲ ਲੋਕਾਂ ਦੀ ਰੱਖਿਆ ਲਈ ਹੋਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਵਰਗੇ ਲੋਕ ਪ੍ਰਤੀਨਿਧੀਆਂ ਦੀ ਸੁਰੱਖਿਆ ’ਤੇ।

ਸੰਤ ਸੀਚੇਵਾਲ ਦਾ ਇਹ ਕਦਮ ਉਸ ਸਮੇਂ ਚਰਚਾ ਦਾ ਵਿਸ਼ਾ ਬਣਿਆ ਹੈ ਜਦੋਂ ਆਮ ਤੌਰ ’ਤੇ ਸਿਆਸੀ ਆਗੂ ਆਪਣੀ ਸੁਰੱਖਿਆ ਵਧਾਉਣ ਦੀ ਮੰਗ ਕਰਦੇ ਹਨ। ਅਜਿਹੇ ਵਿੱਚ ਉਨ੍ਹਾਂ ਵੱਲੋਂ ਸਵੈ-ਇੱਛਾ ਨਾਲ ਸੁਰੱਖਿਆ ਵਾਪਸ ਕਰਨ ਅਤੇ ਪੁਲੀਸ ਜਵਾਨਾਂ ਨੂੰ ਜਨਤਾ ਦੀ ਸੇਵਾ ਲਈ ਤਾਇਨਾਤ ਕਰਨ ਦੀ ਅਪੀਲ ਨੂੰ ਇੱਕ ਵੱਖਰੀ ਪਹਿਲ ਵਜੋਂ ਦੇਖਿਆ ਜਾ ਰਿਹਾ ਹੈ।









# ‘ਪੰਜਾਬ ਵਿੱਚ ਪੇਪਰ ਲੀਕ ਨਹੀਂ, ਸਿਰਫ਼ ਨਕਲ ਦੀ ਕੋਸ਼ਿਸ਼ ਹੋਈ ਸੀ’: ਵਿਰੋਧੀ ਧਿਰ ਦੇ ਦੋਸ਼ਾਂ ’ਤੇ ਭਗਵੰਤ ਮਾਨ ਦਾ ਜਵਾਬ, 69 ਹਜ਼ਾਰ ਸਰਕਾਰੀ ਨੌਕਰੀਆਂ ਦਾ ਕੀਤਾ ਜ਼ਿਕਰ

**ਨਵੀਂ ਦਿੱਲੀ:** ਪੰਜਾਬ ਵਿੱਚ ਕਥਿਤ ਪੇਪਰ ਲੀਕ ਦੇ ਮੁੱਦੇ ਨੂੰ ਲੈ ਕੇ ਸਿਆਸੀ ਤਕਰਾਰ ਦਰਮਿਆਨ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਰੋਧੀ ਧਿਰ ਦੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਦੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਸੂਬੇ ਵਿੱਚ ਇੱਕ ਵੀ ਪੇਪਰ ਲੀਕ ਨਹੀਂ ਹੋਇਆ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਸਿਆਸੀ ਲਾਭ ਲਈ ਪੰਜਾਬ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।



ਸੰਸਦ ਦੇ ਦੌਰੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਬਿਨਾਂ ਕਿਸੇ ਸਿਫ਼ਾਰਸ਼, ਰਿਸ਼ਵਤ ਜਾਂ ਪੇਪਰ ਲੀਕ ਦੇ ਸਿਰਫ਼ ਮੈਰਿਟ ਦੇ ਆਧਾਰ ’ਤੇ ਕਰੀਬ 69 ਹਜ਼ਾਰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭਰਤੀ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਚੱਲ ਰਹੀ ਹੈ ਅਤੇ ਸਰਕਾਰ ਦਾ ਸਿਧਾਂਤ ‘ਨੋ ਕੈਸ਼, ਨੋ ਫਰਮਾਇਸ਼, ਸਿਰਫ਼ ਮੈਰਿਟ’ ਹੈ।

ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਹਾਲ ਹੀ ਵਿੱਚ ਫਾਰਮੇਸੀ ਦੀ ਪ੍ਰੀਖਿਆ ਦੌਰਾਨ ਸਾਹਮਣੇ ਆਇਆ ਮਾਮਲਾ ਪੇਪਰ ਲੀਕ ਦਾ ਨਹੀਂ, ਸਗੋਂ ਨਕਲ ਦੀ ਕੋਸ਼ਿਸ਼ ਦਾ ਸੀ। ਉਨ੍ਹਾਂ ਦੱਸਿਆ ਕਿ ਇਮਤਿਹਾਨ ਸ਼ੁਰੂ ਹੋਣ ਦੇ ਕੁਝ ਹੀ ਮਿੰਟਾਂ ਵਿੱਚ ਅਧਿਕਾਰੀਆਂ ਨੇ ਇੱਕ ਉਮੀਦਵਾਰ ਨੂੰ ਬਲੂਟੁੱਥ-ਸਮਰੱਥ ਪੈੱਨ ਅਤੇ ਈਅਰਪੀਸ ਦੀ ਮਦਦ ਨਾਲ ਨਕਲ ਕਰਦੇ ਹੋਏ ਫੜ ਲਿਆ। ਇਸ ਤੋਂ ਬਾਅਦ ਪੰਜਾਬ ਪੁਲੀਸ ਨੇ ਤੁਰੰਤ ਕਾਰਵਾਈ ਕਰਦਿਆਂ ਇਸ ਗਿਰੋਹ ਨਾਲ ਜੁੜੇ ਕਈ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ।

ਵਿਰੋਧੀ ਧਿਰ ਵੱਲੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਅਸਤੀਫ਼ੇ ਦੀ ਮੰਗ ’ਤੇ ਪ੍ਰਤੀਕਿਰਿਆ ਦਿੰਦਿਆਂ ਭਗਵੰਤ ਮਾਨ ਨੇ ਕਿਹਾ ਕਿ ਸੰਬੰਧਿਤ ਪ੍ਰੀਖਿਆ ਸਿੱਖਿਆ ਵਿਭਾਗ ਨਹੀਂ, ਸਗੋਂ ਸਿਹਤ ਵਿਭਾਗ ਦੇ ਅਧੀਨ ਆਉਂਦੀ ਹੈ। ਉਨ੍ਹਾਂ ਕਿਹਾ ਕਿ ਸਿਹਤ ਮੰਤਰੀ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਪੇਪਰ ਲੀਕ ਨਹੀਂ ਹੋਇਆ ਸੀ ਅਤੇ ਸਿਰਫ਼ ਨਕਲ ਦੀ ਕੋਸ਼ਿਸ਼ ਨੂੰ ਸਮੇਂ ਸਿਰ ਨਾਕਾਮ ਬਣਾਇਆ ਗਿਆ ਸੀ।

ਸੰਸਦ ਵਿੱਚ ਆਪਣੇ ਦੌਰੇ ਦੌਰਾਨ ਮੁੱਖ ਮੰਤਰੀ ਮਾਨ ਨੇ ਲੋਕ ਸਭਾ ਸਪੀਕਰ ਓਮ ਬਿਰਲਾ, ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਅਤੇ ਹੋਰ ਸੰਸਦ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਸਿਆਸੀ ਆਗੂਆਂ ਵਿਚਾਲੇ ਸੰਵਾਦ ਜਾਰੀ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਚਾਰਧਾਰਾ ਵਿੱਚ ਮਤਭੇਦ ਹੋ ਸਕਦੇ ਹਨ, ਪਰ ਇਹ ਕਦੇ ਵੀ ਨਿੱਜੀ ਰਿਸ਼ਤਿਆਂ ਵਿੱਚ ਦੂਰੀ ਦਾ ਕਾਰਨ ਨਹੀਂ ਬਣਨਾ ਚਾਹੀਦਾ।

ਭਗਵੰਤ ਮਾਨ ਨੇ ਵਿਰੋਧੀ ਪਾਰਟੀਆਂ ’ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਭਾਜਪਾ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਨੂੰ ਬਦਨਾਮ ਕਰਨ ਦੀ ਬਜਾਏ ਆਪਣੇ ਅੰਦਰੂਨੀ ਮੁੱਦਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਭਰਤੀ ਪ੍ਰਕਿਰਿਆ ਦੌਰਾਨ ਭ੍ਰਿਸ਼ਟਾਚਾਰ ਅਤੇ ਨਕਲ ਦਾ ਦੌਰ ਹੁਣ ਬੀਤੇ ਸਮੇਂ ਦੀ ਗੱਲ ਬਣ ਚੁੱਕਾ ਹੈ ਅਤੇ ਸਰਕਾਰ ਯੋਗਤਾ ਦੇ ਆਧਾਰ ’ਤੇ ਨੌਜਵਾਨਾਂ ਨੂੰ ਮੌਕੇ ਦੇਣ ਲਈ ਵਚਨਬੱਧ ਹੈ।

# ਸੰਗਰੂਰ ਭਾਜਪਾ ਦਫ਼ਤਰ ਹਮਲਾ ਮਾਮਲਾ ਸੁਲਝਿਆ: 24 ਘੰਟਿਆਂ ਵਿੱਚ ਦੋ ਨੌਜਵਾਨ ਗ੍ਰਿਫ਼ਤਾਰ, ਵਿਦੇਸ਼ੀ ਹੈਂਡਲਰ ਦੇ ਕਹਿਣ ’ਤੇ ਕੀਤੀ ਸੀ ਵਾਰਦਾਤ; UAPA ਤਹਿਤ ਕੇਸ ਦਰਜ

**ਸੰਗਰੂਰ:** ਸੰਗਰੂਰ ਸਥਿਤ ਭਾਜਪਾ ਦੇ ਜ਼ਿਲ੍ਹਾ ਦਫ਼ਤਰ ’ਤੇ ਪੈਟਰੋਲ ਬੰਬ ਸੁੱਟ ਕੇ ਹਮਲਾ ਕਰਨ ਦੇ ਮਾਮਲੇ ਵਿੱਚ ਪੰਜਾਬ ਪੁਲੀਸ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਘਟਨਾ ਦੇ 24 ਘੰਟਿਆਂ ਦੇ ਅੰਦਰ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਨੇ ਦੋਵਾਂ ਦੇ ਕਬਜ਼ੇ ਵਿੱਚੋਂ ਵਾਰਦਾਤ ਦੌਰਾਨ ਵਰਤਿਆ ਗਿਆ ਮੋਟਰਸਾਈਕਲ ਅਤੇ ਦੋ ਮੋਬਾਈਲ ਫੋਨ ਵੀ ਬਰਾਮਦ ਕਰ ਲਏ ਹਨ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਦੋਵੇਂ ਨੌਜਵਾਨ ਵਿਦੇਸ਼ ਵਿੱਚ ਬੈਠੇ ਇੱਕ ਵਿਅਕਤੀ ਦੇ ਸੰਪਰਕ ਵਿੱਚ ਸਨ, ਜਿਸ ਨੇ ਹਮਲੇ ਦੀ ਵੀਡੀਓ ਭੇਜਣ ਦੇ ਬਦਲੇ ਵੱਡੀ ਰਕਮ ਦੇਣ ਦਾ ਲਾਲਚ ਦਿੱਤਾ ਸੀ, ਪਰ ਉਨ੍ਹਾਂ ਦੇ ਖਾਤੇ ਵਿੱਚ ਸਿਰਫ਼ 2200 ਰੁਪਏ ਹੀ ਭੇਜੇ ਗਏ।



ਜ਼ਿਲ੍ਹਾ ਪੁਲੀਸ ਮੁਖੀ ਡਾ. ਰਵਜੋਤ ਗਰੇਵਾਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ 26 ਜੁਲਾਈ ਦੀ ਰਾਤ ਕਰੀਬ 2:35 ਵਜੇ ਦੋ ਨੌਜਵਾਨ ਪੈਦਲ ਭਾਜਪਾ ਦਫ਼ਤਰ ਨੇੜੇ ਪਹੁੰਚੇ। ਉਨ੍ਹਾਂ ਨੇ ਇੱਕ ਬੋਤਲ ’ਤੇ ਲੱਗੀ ਸੂਤਲੀ ਨੂੰ ਅੱਗ ਲਗਾ ਕੇ ਕੰਧ ਦੇ ਉੱਪਰੋਂ ਦਫ਼ਤਰ ਦੀ ਇਮਾਰਤ ਵੱਲ ਸੁੱਟ ਦਿੱਤਾ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਪੁਲੀਸ ਦੇ ਅਨੁਸਾਰ, ਇਸ ਕਾਰਵਾਈ ਦਾ ਮਕਸਦ ਦਫ਼ਤਰ ਨੂੰ ਨੁਕਸਾਨ ਪਹੁੰਚਾਉਣਾ ਅਤੇ ਇਲਾਕੇ ਦਾ ਮਾਹੌਲ ਖ਼ਰਾਬ ਕਰਨਾ ਸੀ।

ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲੀਸ ਨੇ ਤੁਰੰਤ ਵਿਸ਼ੇਸ਼ ਜਾਂਚ ਟੀਮਾਂ ਦਾ ਗਠਨ ਕੀਤਾ। ਐੱਸ.ਪੀ. (ਇਨਵੈਸਟੀਗੇਸ਼ਨ) ਦਵਿੰਦਰ ਅਤਰੀ ਦੀ ਅਗਵਾਈ ਹੇਠ ਕਈ ਡੀਐੱਸਪੀ ਅਤੇ ਇੰਸਪੈਕਟਰ ਪੱਧਰ ਦੇ ਅਧਿਕਾਰੀਆਂ ਨੂੰ ਜਾਂਚ ਵਿੱਚ ਸ਼ਾਮਲ ਕੀਤਾ ਗਿਆ। ਇਸ ਤੋਂ ਇਲਾਵਾ ਕਾਊਂਟਰ ਇੰਟੈਲੀਜੈਂਸ ਦੀ ਟੀਮ ਨੇ ਵੀ ਜਾਂਚ ਵਿੱਚ ਅਹਿਮ ਭੂਮਿਕਾ ਨਿਭਾਈ।

ਹਿਊਮਨ ਅਤੇ ਟੈਕਨੀਕਲ ਇੰਟੈਲੀਜੈਂਸ ਦੀ ਮਦਦ ਨਾਲ ਪੁਲੀਸ ਨੇ ਮੁਲਜ਼ਮਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਦੀ ਪਛਾਣ ਹੈਪੀ ਸਿੰਘ ਉਰਫ਼ ਹੈਪੀ ਬਾਸੀ, ਵਾਸੀ ਪਿੰਡ ਭੰਮਾਬਦੀ (ਥਾਣਾ ਲੌਂਗੋਵਾਲ), ਅਤੇ ਜਸਪ੍ਰੀਤ ਸਿੰਘ ਉਰਫ਼ ਜੱਸੀ, ਵਾਸੀ ਸ਼ਹੀਦ ਊਧਮ ਸਿੰਘ ਬਸਤੀ, ਲਹਿਰਾ ਵਜੋਂ ਹੋਈ ਹੈ।

ਮੁੱਢਲੀ ਪੁੱਛਗਿੱਛ ਵਿੱਚ ਸਾਹਮਣੇ ਆਇਆ ਕਿ ਦੋਵੇਂ ਨੌਜਵਾਨ ਸੋਸ਼ਲ ਮੀਡੀਆ ਰਾਹੀਂ ਵਿਦੇਸ਼ ਵਿੱਚ ਰਹਿੰਦੇ ਰਾਣਾ ਭਾਊ ਨਾਮਕ ਵਿਅਕਤੀ ਦੇ ਸੰਪਰਕ ਵਿੱਚ ਆਏ ਸਨ। ਉਸ ਨੇ ਹਮਲੇ ਨੂੰ ਅੰਜਾਮ ਦੇਣ ਅਤੇ ਘਟਨਾ ਦੀ ਵੀਡੀਓ ਰਿਕਾਰਡ ਕਰਕੇ ਭੇਜਣ ਦੇ ਬਦਲੇ ਉਨ੍ਹਾਂ ਨੂੰ ਵੱਡੀ ਰਕਮ ਦੇਣ ਦਾ ਭਰੋਸਾ ਦਿੱਤਾ ਸੀ। ਹਾਲਾਂਕਿ, ਮੁਲਜ਼ਮਾਂ ਨੂੰ ਸਿਰਫ਼ ਦੋ ਆਨਲਾਈਨ ਟਰਾਂਜ਼ੈਕਸ਼ਨਾਂ ਰਾਹੀਂ 1200 ਰੁਪਏ ਅਤੇ 1000 ਰੁਪਏ, ਕੁੱਲ 2200 ਰੁਪਏ ਹੀ ਭੇਜੇ ਗਏ।

ਪੁਲੀਸ ਅਨੁਸਾਰ, ਮੁਲਜ਼ਮਾਂ ਨੇ ਰਾਣਾ ਭਾਊ ਦੇ ਕਹਿਣ ’ਤੇ ਵਾਰਦਾਤ ਦੀ ਵੀਡੀਓ ਵੀ ਬਣਾਈ ਸੀ, ਤਾਂ ਜੋ ਉਸ ਨੂੰ ਭੇਜ ਕੇ ਬਾਕੀ ਰਕਮ ਹਾਸਲ ਕੀਤੀ ਜਾ ਸਕੇ। ਜਾਂਚ ਟੀਮ ਹੁਣ ਰਾਣਾ ਭਾਊ ਦੇ ਸੋਸ਼ਲ ਮੀਡੀਆ ਅਕਾਊਂਟ, ਯੂਪੀਆਈ ਟਰਾਂਜ਼ੈਕਸ਼ਨਾਂ ਅਤੇ ਹੋਰ ਡਿਜ਼ੀਟਲ ਸਬੂਤਾਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

ਵਿਦੇਸ਼ੀ ਸੰਪਰਕ ਅਤੇ ਮਾਮਲੇ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦਿਆਂ ਪੁਲੀਸ ਨੇ ਦੋਵੇਂ ਮੁਲਜ਼ਮਾਂ ਖ਼ਿਲਾਫ਼ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਤਹਿਤ ਵੀ ਮਾਮਲਾ ਦਰਜ ਕੀਤਾ ਹੈ। ਪੁਲੀਸ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰੇਗੀ, ਤਾਂ ਜੋ ਇਸ ਸਾਜ਼ਿਸ਼ ਨਾਲ ਜੁੜੇ ਹੋਰ ਲੋਕਾਂ ਅਤੇ ਵਿਦੇਸ਼ੀ ਨੈੱਟਵਰਕ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਸਕੇ।

ਪੁਲੀਸ ਨੇ ਇਹ ਵੀ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਨੌਜਵਾਨਾਂ ਦੀ ਉਮਰ 22 ਸਾਲ ਅਤੇ 25 ਸਾਲ ਹੈ। ਫ਼ਿਲਹਾਲ ਜਾਂਚ ਵਿੱਚ ਉਨ੍ਹਾਂ ਦਾ ਕੋਈ ਪੁਰਾਣਾ ਅਪਰਾਧਿਕ ਰਿਕਾਰਡ ਸਾਹਮਣੇ ਨਹੀਂ ਆਇਆ, ਪਰ ਮਾਮਲੇ ਦੇ ਹਰ ਪੱਖ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

# ਪੰਜਾਬ ਯੂਨੀਵਰਸਿਟੀ ‘ਚ ਦਰਦਨਾਕ ਹਾਦਸਾ: ਮੀਂਹ ਦੇ ਪਾਣੀ ਵਿੱਚ ਕਰੰਟ ਵਾਲੇ ਖੰਭੇ ਦੀ ਚਪੇਟ ‘ਚ ਆਈ ਪੀਐੱਚਡੀ ਖੋਜਾਰਥਣ, ਵਿਦਿਆਰਥੀਆਂ ਦਾ ਪ੍ਰਸ਼ਾਸਨ ਖ਼ਿਲਾਫ਼ ਰੋਸ



**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਦੇ ਦੱਖਣੀ ਕੈਂਪਸ ਵਿੱਚ ਸੋਮਵਾਰ ਸਵੇਰੇ ਭਾਰੀ ਮੀਂਹ ਦੌਰਾਨ ਇੱਕ ਦਰਦਨਾਕ ਹਾਦਸੇ ਨੇ ਪੂਰੇ ਕੈਂਪਸ ਨੂੰ ਗਮਗੀਨ ਕਰ ਦਿੱਤਾ। ਸੈਕਟਰ-25 ਸਥਿਤ ਕੈਂਪਸ ਵਿੱਚ ਕਰੰਟ ਲੱਗਣ ਕਾਰਨ ਪੀਐੱਚਡੀ ਕਰ ਰਹੀ ਖੋਜਾਰਥਣ ਜੋਤੀ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਵਿਦਿਆਰਥੀਆਂ ਵਿੱਚ ਭਾਰੀ ਰੋਸ ਦੇਖਣ ਨੂੰ ਮਿਲਿਆ ਅਤੇ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਦੀ ਲਾਪਰਵਾਹੀ ਦਾ ਦੋਸ਼ ਲਗਾਉਂਦਿਆਂ ਵਾਈਸ ਚਾਂਸਲਰ ਦਫ਼ਤਰ ਅੱਗੇ ਪ੍ਰਦਰਸ਼ਨ ਕੀਤਾ।

ਮਿਲੀ ਜਾਣਕਾਰੀ ਅਨੁਸਾਰ, ਮ੍ਰਿਤਕ ਜੋਤੀ ਹਰਿਆਣਾ ਦੇ ਰੇਵਾੜੀ ਦੀ ਰਹਿਣ ਵਾਲੀ ਸੀ ਅਤੇ ਪੰਜਾਬ ਯੂਨੀਵਰਸਿਟੀ ਦੇ ਬਾਇਓਟੈਕਨਾਲੋਜੀ ਵਿਭਾਗ ਵਿੱਚ ਪੀਐੱਚਡੀ ਦੀ ਪੜ੍ਹਾਈ ਕਰ ਰਹੀ ਸੀ। ਸਵੇਰੇ ਉਹ ਗਰਲਜ਼ ਹਾਸਟਲ ਨੰਬਰ-10 ਤੋਂ ਆਪਣੇ ਵਿਭਾਗ ਵੱਲ ਜਾ ਰਹੀ ਸੀ। ਭਾਰੀ ਮੀਂਹ ਕਾਰਨ ਰਸਤੇ ਵਿੱਚ ਪਾਣੀ ਭਰਿਆ ਹੋਇਆ ਸੀ, ਜਿਸ ਤੋਂ ਬਚਣ ਲਈ ਉਸ ਨੇ ਇੱਕ ਕੱਚੇ ਰਸਤੇ ਦਾ ਸਹਾਰਾ ਲਿਆ।

ਦੱਸਿਆ ਜਾ ਰਿਹਾ ਹੈ ਕਿ ਕੱਚੇ ਰਸਤੇ ‘ਤੇ ਤੁਰਦਿਆਂ ਉਸ ਦਾ ਪੈਰ ਅਚਾਨਕ ਫਿਸਲ ਗਿਆ ਅਤੇ ਸੰਤੁਲਨ ਬਣਾਉਣ ਲਈ ਉਸ ਨੇ ਨੇੜੇ ਲੱਗੇ ਇੱਕ ਬਿਜਲੀ ਦੇ ਖੰਭੇ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਖੰਭੇ ਵਿੱਚ ਪਹਿਲਾਂ ਤੋਂ ਹੀ ਕਰੰਟ ਦੌੜ ਰਿਹਾ ਸੀ। ਜਿਵੇਂ ਹੀ ਉਸ ਦਾ ਹੱਥ ਖੰਭੇ ਨਾਲ ਲੱਗਿਆ, ਉਸ ਨੂੰ ਜ਼ਬਰਦਸਤ ਕਰੰਟ ਲੱਗਾ ਅਤੇ ਉਹ ਮੌਕੇ ‘ਤੇ ਹੀ ਬੇਹੋਸ਼ ਹੋ ਕੇ ਡਿੱਗ ਪਈ।

ਮੌਕੇ ‘ਤੇ ਮੌਜੂਦ ਲੋਕਾਂ ਨੇ ਤੁਰੰਤ ਉਸ ਨੂੰ ਸੈਕਟਰ-16 ਸਥਿਤ ਸਰਕਾਰੀ ਮਲਟੀ-ਸਪੈਸ਼ਲਿਟੀ ਹਸਪਤਾਲ ਪਹੁੰਚਾਇਆ, ਪਰ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਘਟਨਾ ਦੀ ਸੂਚਨਾ ਮਿਲਣ ਉਪਰੰਤ ਜੋਤੀ ਦੇ ਪਰਿਵਾਰਕ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਉਸ ਦੀ ਮਾਂ ਅਤੇ ਭਰਾ ਚੰਡੀਗੜ੍ਹ ਲਈ ਰਵਾਨਾ ਹੋ ਗਏ।

ਇਸ ਘਟਨਾ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਵਿਦਿਆਰਥੀ ਜਥੇਬੰਦੀਆਂ ਨੇ ਇਸ ਨੂੰ ਯੂਨੀਵਰਸਿਟੀ ਦੀ ਗੰਭੀਰ ਲਾਪਰਵਾਹੀ ਕਰਾਰ ਦਿੰਦਿਆਂ ਪ੍ਰਸ਼ਾਸਨ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ। ਵਿਦਿਆਰਥੀਆਂ ਨੇ ਦੋਸ਼ ਲਗਾਇਆ ਕਿ ਕੈਂਪਸ ਵਿੱਚ ਬੁਨਿਆਦੀ ਸੁਰੱਖਿਆ ਪ੍ਰਬੰਧਾਂ ਦੀ ਘਾਟ ਕਾਰਨ ਇੱਕ ਹੋਣਹਾਰ ਖੋਜਾਰਥਣ ਨੂੰ ਆਪਣੀ ਜਾਨ ਗਵਾਉਣੀ ਪਈ।

ਰੋਸ ਜ਼ਾਹਰ ਕਰਦੇ ਹੋਏ ਵਿਦਿਆਰਥੀ ਜਥੇਬੰਦੀਆਂ ਨੇ ਵਾਈਸ ਚਾਂਸਲਰ ਦਫ਼ਤਰ ਦੇ ਬਾਹਰ ਨਾਅਰੇਬਾਜ਼ੀ ਕੀਤੀ ਅਤੇ ਮੰਗ ਕੀਤੀ ਕਿ ਘਟਨਾ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਨਾਲ ਹੀ ਉਨ੍ਹਾਂ ਨੇ ਕੈਂਪਸ ਵਿੱਚ ਬਿਜਲੀ ਪ੍ਰਬੰਧ, ਪਾਣੀ ਦੀ ਨਿਕਾਸੀ ਅਤੇ ਹੋਰ ਸੁਰੱਖਿਆ ਪ੍ਰਬੰਧਾਂ ਨੂੰ ਤੁਰੰਤ ਸੁਧਾਰਨ ਦੀ ਮੰਗ ਵੀ ਕੀਤੀ, ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੇ ਦਰਦਨਾਕ ਹਾਦਸਿਆਂ ਨੂੰ ਰੋਕਿਆ ਜਾ ਸਕੇ।

# ਦਾਖਾ ਸੀਟ ਛੱਡਣ ਨੂੰ ਤਿਆਰ ਇਯਾਲੀ, ਬੀਬੀ ਪਰਮਜੀਤ ਕੌਰ ਖਾਲੜਾ ਨੂੰ ਚੋਣ ਮੈਦਾਨ ਵਿੱਚ ਉਤਾਰਨ ਦੀ ਕੀਤੀ ਅਪੀਲ



**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਵਿੱਚ ਇੱਕ ਹੋਰ ਮਹੱਤਵਪੂਰਨ ਸਿਆਸੀ ਸੰਦੇਸ਼ ਦਿੰਦਿਆਂ ਵਾਰਿਸ ਪੰਜਾਬ ਦੇ ਆਗੂ ਅਤੇ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾਖਾ ਹਲਕੇ ਤੋਂ ਲੜਨ ਦੀ ਖੁੱਲ੍ਹੀ ਪੇਸ਼ਕਸ਼ ਕੀਤੀ ਹੈ। ਇਯਾਲੀ ਨੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਵੱਲੋਂ ਸੱਚ ਅਤੇ ਇਨਸਾਫ਼ ਲਈ ਦਿੱਤੀ ਗਈ ਇਤਿਹਾਸਕ ਕੁਰਬਾਨੀ ਨੂੰ ਸਨਮਾਨ ਦੇਣ ਦੇ ਉਦੇਸ਼ ਨਾਲ ਉਹ ਆਪਣੀ ਵਿਧਾਨ ਸਭਾ ਸੀਟ ਵੀ ਉਨ੍ਹਾਂ ਲਈ ਛੱਡਣ ਨੂੰ ਤਿਆਰ ਹਨ।

ਜਾਰੀ ਬਿਆਨ ਵਿੱਚ ਇਯਾਲੀ ਨੇ ਕਿਹਾ ਕਿ ਉਨ੍ਹਾਂ ਦੀ ਦਿਲੀ ਇੱਛਾ ਹੈ ਕਿ ਬੀਬੀ ਪਰਮਜੀਤ ਕੌਰ ਖਾਲੜਾ ਦਾਖਾ ਹਲਕੇ ਦੀ ਨੁਮਾਇੰਦਗੀ ਕਰਨ। ਉਨ੍ਹਾਂ ਕਿਹਾ ਕਿ ਖਾਲੜਾ ਪਰਿਵਾਰ ਨੇ ਪੰਜਾਬ ਦੇ ਇਤਿਹਾਸ ਦੇ ਸਭ ਤੋਂ ਸੰਵੇਦਨਸ਼ੀਲ ਦੌਰ ਵਿੱਚ ਮਨੁੱਖੀ ਅਧਿਕਾਰਾਂ ਦੀ ਲੜਾਈ ਲੜੀ ਅਤੇ ਫਰਜ਼ੀ ਮੁਕਾਬਲਿਆਂ ਤੇ ਲਾਵਾਰਸ ਲਾਸ਼ਾਂ ਦੇ ਮਾਮਲੇ ਨੂੰ ਦੁਨੀਆ ਸਾਹਮਣੇ ਲਿਆਉਣ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਰਿਲੀਜ਼ ਹੋਈ ਫ਼ਿਲਮ 'ਸਤਲੁਜ' ਨੇ ਵੀ ਇਸ ਸੰਘਰਸ਼ ਨੂੰ ਮੁੜ ਲੋਕਾਂ ਸਾਹਮਣੇ ਰੱਖਿਆ ਹੈ।

ਇਯਾਲੀ ਨੇ ਕਿਹਾ ਕਿ ਬੀਬੀ ਖਾਲੜਾ ਨੂੰ ਸਿਰਫ਼ ਆਪਣਾ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਲੋੜ ਹੋਵੇਗੀ, ਜਦਕਿ ਉਨ੍ਹਾਂ ਦੀ ਜਿੱਤ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਦਾਖਾ ਹਲਕੇ ਦੀ ਸੰਗਤ, ਪਾਰਟੀ ਵਰਕਰਾਂ ਅਤੇ ਸਮਰਥਕਾਂ ਦੀ ਹੋਵੇਗੀ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਹਲਕੇ ਦੇ ਲੋਕ ਖਾਲੜਾ ਪਰਿਵਾਰ ਦੇ ਸਨਮਾਨ ਵਿੱਚ ਉਨ੍ਹਾਂ ਨੂੰ ਭਾਰੀ ਸਮਰਥਨ ਦੇਣਗੇ।

ਇਹ ਐਲਾਨ ਇੱਕ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਇਯਾਲੀ ਵੱਲੋਂ ਕੀਤਾ ਗਿਆ ਦੂਜਾ ਵੱਡਾ ਸਿਆਸੀ ਫ਼ੈਸਲਾ ਮੰਨਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਨ ਦੀ ਗੱਲ ਆਖੀ ਸੀ। ਇਸ ਐਲਾਨ ਨੂੰ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਕੁਝ ਆਗੂਆਂ ਨੇ ਸਮਰਥਨ ਦਿੱਤਾ ਸੀ, ਪਰ ਇਸ ਤੋਂ ਬਾਅਦ ਪਾਰਟੀ ਅੰਦਰ ਵਿਵਾਦ ਵੀ ਖੜ੍ਹਾ ਹੋ ਗਿਆ।

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਮੁਖੀ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇੱਕ ਪੱਤਰ ਜਾਰੀ ਕਰਕੇ ਇਯਾਲੀ 'ਤੇ ਪੰਥਕ ਏਕਤਾ ਨੂੰ ਨੁਕਸਾਨ ਪਹੁੰਚਾਉਣ ਅਤੇ ਆਮ ਆਦਮੀ ਪਾਰਟੀ ਦੇ ਹਿੱਤਾਂ ਨੂੰ ਅਪਰੋਕਸ਼ ਤੌਰ 'ਤੇ ਫ਼ਾਇਦਾ ਪਹੁੰਚਾਉਣ ਦੇ ਦੋਸ਼ ਲਗਾਏ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਯਾਲੀ ਪਾਰਟੀ ਦੀ ਕਮਾਨ ਆਪਣੇ ਹੱਥ ਵਿੱਚ ਲੈਣਾ ਚਾਹੁੰਦੇ ਸਨ ਅਤੇ ਕੁਝ ਹੋਰ ਆਗੂਆਂ ਨਾਲ ਮਿਲ ਕੇ ਪਾਰਟੀ ਦੀ ਅਗਵਾਈ ਬਦਲਣ ਦੀ ਕੋਸ਼ਿਸ਼ ਕਰ ਰਹੇ ਸਨ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਪਾਰਟੀ ਛੱਡਣ ਵੇਲੇ ਇਯਾਲੀ ਮੈਂਬਰਸ਼ਿਪ ਅਤੇ ਭਰਤੀ ਨਾਲ ਸਬੰਧਤ ਡਾਟਾ ਵੀ ਆਪਣੇ ਨਾਲ ਲੈ ਗਏ।

ਦੂਜੇ ਪਾਸੇ ਮਨਪ੍ਰੀਤ ਸਿੰਘ ਇਯਾਲੀ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ 'ਤੇ ਹੀ ਅਕਾਲ ਤਖ਼ਤ ਦੇ ਹੁਕਮਾਂ ਤੋਂ ਪਿੱਛੇ ਹਟਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ 2 ਦਸੰਬਰ 2024 ਦੇ ਹੁਕਮਨਾਮੇ ਅਨੁਸਾਰ ਉਨ੍ਹਾਂ ਨੂੰ ਭਰਤੀ ਮੁਹਿੰਮ ਚਲਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ ਅਤੇ ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਜਿਨ੍ਹਾਂ ਆਗੂਆਂ 'ਤੇ ਧਾਰਮਿਕ ਬਦਅਮਲੀ ਦੇ ਦੋਸ਼ ਸਾਬਤ ਹੋ ਚੁੱਕੇ ਹਨ, ਉਨ੍ਹਾਂ ਨੂੰ ਪਾਰਟੀ ਦੇ ਅਹਿਮ ਅਹੁਦਿਆਂ ਤੋਂ ਦੂਰ ਰੱਖਿਆ ਜਾਣਾ ਚਾਹੀਦਾ ਹੈ। ਇਯਾਲੀ ਦਾ ਕਹਿਣਾ ਹੈ ਕਿ ਇਸ ਦੇ ਉਲਟ ਫ਼ੈਸਲੇ ਹੋਣ ਕਾਰਨ ਪਾਰਟੀ ਵਰਕਰਾਂ ਵਿੱਚ ਨਿਰਾਸ਼ਾ ਅਤੇ ਅਸੰਤੁਸ਼ਟੀ ਵਧੀ, ਜਿਸ ਨਾਲ ਪੰਥਕ ਏਕਤਾ ਨੂੰ ਝਟਕਾ ਲੱਗਿਆ।

ਇਯਾਲੀ ਦੇ ਇਸ ਨਵੇਂ ਐਲਾਨ ਨੇ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਇੱਕ ਪਾਸੇ ਇਸ ਨੂੰ ਖਾਲੜਾ ਪਰਿਵਾਰ ਪ੍ਰਤੀ ਸਨਮਾਨ ਦਾ ਪ੍ਰਗਟਾਵਾ ਮੰਨਿਆ ਜਾ ਰਿਹਾ ਹੈ, ਜਦਕਿ ਦੂਜੇ ਪਾਸੇ ਇਸ ਨੂੰ ਪੰਥਕ ਅਤੇ ਅਕਾਲੀ ਸਿਆਸਤ ਦੇ ਬਦਲਦੇ ਸਮੀਕਰਨਾਂ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ।

# ਸੰਸਦ 'ਚ ਗੂੰਜਿਆ ਪੰਜਾਬ ਦਾ ਮੁੱਦਾ: ਕਾਂਗਰਸੀ ਸੰਸਦ ਮੈਂਬਰਾਂ ਨੇ ਪੇਪਰ ਲੀਕ ਤੇ ਬਰਨਾਲਾ ਲਾਠੀਚਾਰਜ ਮਾਮਲੇ 'ਚ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਕੀਤੀ ਮੰਗ




**ਨਵੀਂ ਦਿੱਲੀ:** ਪੰਜਾਬ ਵਿੱਚ ਕਥਿਤ ਪੇਪਰ ਲੀਕ ਦੇ ਲਗਾਤਾਰ ਸਾਹਮਣੇ ਆ ਰਹੇ ਮਾਮਲਿਆਂ ਅਤੇ ਬਰਨਾਲਾ ਵਿੱਚ ਸਫ਼ਾਈ ਕਰਮਚਾਰੀਆਂ 'ਤੇ ਹੋਏ ਲਾਠੀਚਾਰਜ ਦੇ ਮੁੱਦੇ ਨੇ ਸੋਮਵਾਰ ਨੂੰ ਸੰਸਦ ਵਿੱਚ ਵੀ ਗੂੰਜ ਪਾਈ। ਪੰਜਾਬ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਸੰਸਦ ਪਰਿਸਰ ਵਿੱਚ ਰੋਸ ਪ੍ਰਦਰਸ਼ਨ ਕਰਦਿਆਂ ਪੰਜਾਬ ਸਰਕਾਰ ਨੂੰ ਘੇਰਿਆ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਅਸਤੀਫ਼ੇ ਦੀ ਮੰਗ ਕੀਤੀ।

ਇਸ ਪ੍ਰਦਰਸ਼ਨ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਜੀਤ ਸਿੰਘ ਔਜਲਾ, ਅਮਰ ਸਿੰਘ ਅਤੇ ਸ਼ੇਰ ਸਿੰਘ ਘੁਬਾਇਆ ਸ਼ਾਮਲ ਹੋਏ। ਕਾਂਗਰਸੀ ਸੰਸਦ ਮੈਂਬਰਾਂ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਵਿਦਿਆਰਥੀਆਂ ਅਤੇ ਕਰਮਚਾਰੀਆਂ ਦੇ ਹੱਕਾਂ ਦੀ ਰੱਖਿਆ ਕਰਨ ਵਿੱਚ ਨਾਕਾਮ ਰਹੀ ਹੈ।

ਕਾਂਗਰਸ ਦੇ ਆਗੂਆਂ ਦਾ ਕਹਿਣਾ ਹੈ ਕਿ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਵਿੱਚ ਭਰਤੀ ਪ੍ਰੀਖਿਆਵਾਂ ਨਾਲ ਜੁੜੇ ਛੇ ਪੇਪਰ ਲੀਕ ਹੋਣ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਕਾਰਨ ਪੰਜ ਲੱਖ ਤੋਂ ਵੱਧ ਵਿਦਿਆਰਥੀ ਪ੍ਰਭਾਵਿਤ ਹੋਏ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਨਾ ਤਾਂ ਇਨ੍ਹਾਂ ਘਟਨਾਵਾਂ ਦੀ ਜ਼ਿੰਮੇਵਾਰੀ ਲੈ ਰਹੀ ਹੈ ਅਤੇ ਨਾ ਹੀ ਦੋਸ਼ੀਆਂ ਖ਼ਿਲਾਫ਼ ਪ੍ਰਭਾਵਸ਼ਾਲੀ ਕਾਰਵਾਈ ਕਰ ਰਹੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਸਦ ਮੈਂਬਰ ਅਮਰ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਵਾਰ-ਵਾਰ ਪੇਪਰ ਲੀਕ ਦੇ ਮਾਮਲੇ ਸਾਹਮਣੇ ਆ ਰਹੇ ਹਨ, ਪਰ ਸਰਕਾਰ ਇਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਉਨ੍ਹਾਂ ਕਿਹਾ ਕਿ ਬਰਨਾਲਾ ਵਿੱਚ ਆਪਣੀਆਂ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਸਫ਼ਾਈ ਕਰਮਚਾਰੀਆਂ 'ਤੇ ਲਾਠੀਚਾਰਜ ਕਰਨਾ ਨਿੰਦਣਯੋਗ ਹੈ। ਉਨ੍ਹਾਂ ਮੰਗ ਕੀਤੀ ਕਿ ਲਾਠੀਚਾਰਜ ਲਈ ਜ਼ਿੰਮੇਵਾਰ ਪੁਲੀਸ ਅਧਿਕਾਰੀਆਂ ਵਿਰੁੱਧ ਐੱਫ.ਆਈ.ਆਰ. ਦਰਜ ਕੀਤੀ ਜਾਵੇ ਅਤੇ ਮੁੱਖ ਮੰਤਰੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇਣ।

ਕਾਂਗਰਸੀ ਸੰਸਦ ਮੈਂਬਰਾਂ ਨੇ ਬਰਨਾਲਾ ਘਟਨਾ ਨੂੰ ਲੋਕਤੰਤਰਿਕ ਅਧਿਕਾਰਾਂ 'ਤੇ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਸ਼ਾਂਤਮਈ ਢੰਗ ਨਾਲ ਆਪਣੀਆਂ ਮੰਗਾਂ ਰੱਖ ਰਹੇ ਸਫ਼ਾਈ ਕਰਮਚਾਰੀਆਂ 'ਤੇ ਬੇਲੋੜੀ ਤਾਕਤ ਦੀ ਵਰਤੋਂ ਕੀਤੀ ਗਈ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਕਾਰਵਾਈ ਦੌਰਾਨ ਕਈ ਮਹਿਲਾਵਾਂ ਸਮੇਤ ਕਈ ਲੋਕ ਜ਼ਖ਼ਮੀ ਹੋਏ।

ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸੰਸਦ ਵਿੱਚ ਕੀਤਾ ਗਿਆ ਇਹ ਪ੍ਰਦਰਸ਼ਨ ਪੰਜਾਬ ਦੇ ਲੋਕਾਂ ਦੀ ਆਵਾਜ਼ ਨੂੰ ਦੇਸ਼ ਦੀ ਸਭ ਤੋਂ ਵੱਡੀ ਸੰਸਥਾ ਤੱਕ ਪਹੁੰਚਾਉਣ ਲਈ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਰਨਾਲਾ ਵਿੱਚ ਲਾਠੀਚਾਰਜ ਦੌਰਾਨ ਜ਼ਖ਼ਮੀ ਹੋਏ ਲੋਕਾਂ ਦੀ ਹਾਲਤ ਹਸਪਤਾਲਾਂ ਵਿੱਚ ਦੇਖੀ ਜਾ ਸਕਦੀ ਹੈ ਅਤੇ ਇਸ ਘਟਨਾ ਲਈ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਨਾਲ ਹੀ ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਨੂੰ ਇਸ ਪੂਰੇ ਮਾਮਲੇ ਦੀ ਜਵਾਬਦੇਹੀ ਸਵੀਕਾਰ ਕਰਨੀ ਚਾਹੀਦੀ ਹੈ।

ਦੂਜੇ ਪਾਸੇ, ਪੰਜਾਬ ਸਰਕਾਰ ਪਹਿਲਾਂ ਹੀ ਬਰਨਾਲਾ ਲਾਠੀਚਾਰਜ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਉਣ ਦਾ ਐਲਾਨ ਕਰ ਚੁੱਕੀ ਹੈ, ਜਦਕਿ ਪੇਪਰ ਲੀਕ ਦੇ ਮਾਮਲਿਆਂ ਨੂੰ ਲੈ ਕੇ ਵੀ ਸਰਕਾਰ ਵੱਲੋਂ ਜਾਂਚ ਅਤੇ ਕਾਰਵਾਈ ਦੀ ਗੱਲ ਕਹੀ ਜਾ ਰਹੀ ਹੈ। ਹਾਲਾਂਕਿ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਸਿਰਫ਼ ਐਲਾਨਾਂ ਨਾਲ ਨਹੀਂ, ਸਗੋਂ ਦੋਸ਼ੀਆਂ ਖ਼ਿਲਾਫ਼ ਠੋਸ ਕਾਰਵਾਈ ਨਾਲ ਹੀ ਲੋਕਾਂ ਦਾ ਭਰੋਸਾ ਬਹਾਲ ਹੋ ਸਕਦਾ ਹੈ।

# ਪੰਜਾਬ ਦੇ ਸਫਾਈ ਕਾਮਿਆਂ ਨੂੰ ਵੱਡੀ ਰਾਹਤ: ਸਰਕਾਰ ਨਾਲ ਸਹਿਮਤੀ ਮਗਰੋਂ ਹੜਤਾਲ ਖਤਮ, ਤਨਖਾਹ ਵਿੱਚ 10 ਹਜ਼ਾਰ ਰੁਪਏ ਦਾ ਵਾਧਾ



**ਚੰਡੀਗੜ੍ਹ:** ਪੰਜਾਬ ਭਰ ਵਿੱਚ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਸਫਾਈ ਕਰਮਚਾਰੀਆਂ ਲਈ ਵੱਡੀ ਰਾਹਤ ਦੀ ਖ਼ਬਰ ਸਾਹਮਣੇ ਆਈ ਹੈ। ਪੰਜਾਬ ਸਰਕਾਰ ਨਾਲ ਹੋਈ ਗੱਲਬਾਤ ਅਤੇ ਸਹਿਮਤੀ ਤੋਂ ਬਾਅਦ ਸਫਾਈ ਕਰਮਚਾਰੀਆਂ ਨੇ ਆਪਣੀ ਹੜਤਾਲ ਸਮਾਪਤ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਨਾਲ ਹੀ ਸਰਕਾਰ ਨੇ ਠੇਕੇ 'ਤੇ ਕੰਮ ਕਰ ਰਹੇ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਮਹੀਨਾਵਾਰ ਤਨਖਾਹ ਵਿੱਚ ਇਤਿਹਾਸਕ ਵਾਧਾ ਕਰਨ ਦਾ ਫ਼ੈਸਲਾ ਕੀਤਾ ਹੈ।

ਸਰਕਾਰ ਵੱਲੋਂ ਕੀਤੇ ਐਲਾਨ ਅਨੁਸਾਰ ਪਹਿਲਾਂ 10,500 ਰੁਪਏ ਮਹੀਨਾਵਾਰ ਤਨਖਾਹ ਲੈ ਰਹੇ ਸਫਾਈ ਸੇਵਕਾਂ ਨੂੰ ਹੁਣ 20,500 ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲੇਗੀ। ਵਧੀ ਹੋਈ ਤਨਖਾਹ 1 ਅਗਸਤ ਤੋਂ ਲਾਗੂ ਹੋਵੇਗੀ ਅਤੇ ਕਰਮਚਾਰੀਆਂ ਨੂੰ ਇਸੇ ਅਨੁਸਾਰ ਭੁਗਤਾਨ ਕੀਤਾ ਜਾਵੇਗਾ। ਇਸ ਫ਼ੈਸਲੇ ਨਾਲ ਹਜ਼ਾਰਾਂ ਸਫਾਈ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਿੱਧਾ ਲਾਭ ਮਿਲੇਗਾ।

ਲੰਬੇ ਸਮੇਂ ਤੋਂ ਤਨਖਾਹ ਵਿੱਚ ਵਾਧੇ, ਨੌਕਰੀ ਦੀ ਸੁਰੱਖਿਆ ਅਤੇ ਹੋਰ ਹੱਕਾਂ ਨੂੰ ਲੈ ਕੇ ਸਫਾਈ ਕਰਮਚਾਰੀ ਸੰਘਰਸ਼ ਕਰ ਰਹੇ ਸਨ। ਹੜਤਾਲ ਕਾਰਨ ਪੰਜਾਬ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਸਫਾਈ ਪ੍ਰਬੰਧ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ। ਕਈ ਥਾਵਾਂ 'ਤੇ ਕੂੜੇ ਦੇ ਢੇਰ ਲੱਗ ਗਏ ਸਨ, ਜਿਸ ਕਾਰਨ ਆਮ ਲੋਕਾਂ ਨੂੰ ਵੀ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਹੜਤਾਲ ਖਤਮ ਹੋਣ ਤੋਂ ਬਾਅਦ ਹੁਣ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਪੰਚਾਇਤਾਂ ਦੇ ਅਧੀਨ ਸਫਾਈ ਸੇਵਾਵਾਂ ਮੁੜ ਪਹਿਲਾਂ ਵਾਂਗ ਸ਼ੁਰੂ ਹੋਣ ਦੀ ਉਮੀਦ ਹੈ। ਸਰਕਾਰ ਨੇ ਸਥਾਨਕ ਪ੍ਰਸ਼ਾਸਨ ਨੂੰ ਵੀ ਸਫਾਈ ਪ੍ਰਬੰਧ ਜਲਦੀ ਪਟੜੀ 'ਤੇ ਲਿਆਉਣ ਲਈ ਲੋੜੀਂਦੇ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਵੇ।

ਸਫਾਈ ਕਰਮਚਾਰੀਆਂ ਦੇ ਨੁਮਾਇੰਦਿਆਂ ਨੇ ਸਰਕਾਰ ਦੇ ਇਸ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੇ ਲੰਬੇ ਸੰਘਰਸ਼ ਦੀ ਵੱਡੀ ਜਿੱਤ ਹੈ। ਉਨ੍ਹਾਂ ਆਸ ਜਤਾਈ ਕਿ ਸਰਕਾਰ ਭਵਿੱਖ ਵਿੱਚ ਵੀ ਨੌਕਰੀ ਦੀ ਸਥਿਰਤਾ, ਰੈਗੂਲਰ ਭਰਤੀ ਅਤੇ ਹੋਰ ਬਕਾਇਆ ਮੰਗਾਂ 'ਤੇ ਵੀ ਸਕਾਰਾਤਮਕ ਫ਼ੈਸਲੇ ਲਵੇਗੀ।

ਇਸ ਦੌਰਾਨ ਪੰਜਾਬ ਸਰਕਾਰ ਨੇ ਬਰਨਾਲਾ ਵਿੱਚ ਸਫਾਈ ਕਰਮਚਾਰੀਆਂ ਦੇ ਪ੍ਰਦਰਸ਼ਨ ਦੌਰਾਨ ਹੋਏ ਪੁਲੀਸ ਲਾਠੀਚਾਰਜ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ (ਸਿੱਟ) ਵੀ ਗਠਿਤ ਕਰ ਦਿੱਤੀ ਹੈ। ਸਰਕਾਰ ਦਾ ਕਹਿਣਾ ਹੈ ਕਿ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਤੱਥਾਂ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

ਸਰਕਾਰ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਸਫਾਈ ਸੇਵਕ ਸ਼ਹਿਰਾਂ ਅਤੇ ਪਿੰਡਾਂ ਦੀ ਸਫਾਈ ਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਦੀ ਭਲਾਈ ਅਤੇ ਸਨਮਾਨ ਨੂੰ ਯਕੀਨੀ ਬਣਾਉਣ ਲਈ ਸਰਕਾਰ ਵਚਨਬੱਧ ਹੈ। ਦੂਜੇ ਪਾਸੇ ਹੜਤਾਲ ਖਤਮ ਹੋਣ ਨਾਲ ਆਮ ਲੋਕਾਂ ਨੇ ਵੀ ਰਾਹਤ ਮਹਿਸੂਸ ਕੀਤੀ ਹੈ ਅਤੇ ਉਮੀਦ ਜਤਾਈ ਹੈ ਕਿ ਹੁਣ ਸੂਬੇ ਵਿੱਚ ਸਫਾਈ ਪ੍ਰਬੰਧ ਤੇਜ਼ੀ ਨਾਲ ਮੁੜ ਆਮ ਹਾਲਾਤਾਂ ਵਿੱਚ ਆ ਜਾਣਗੇ।

# ਅੰਮ੍ਰਿਤਸਰ ਤੋਂ ਵਿਦੇਸ਼ ਯਾਤਰਾ ਹੋਈ ਹੋਰ ਆਸਾਨ: ਏਅਰ ਇੰਡੀਆ ਦੀ 'ਈਜ਼ੀ ਕਨੈਕਟ' ਸੇਵਾ ਨਾਲ ਦਿੱਲੀ 'ਚ ਨਹੀਂ ਹੋਵੇਗਾ ਮੁੜ ਚੈੱਕ-ਇਨ



**ਅੰਮ੍ਰਿਤਸਰ:** ਵਿਦੇਸ਼ ਜਾਣ ਵਾਲੇ ਪੰਜਾਬ ਦੇ ਹਵਾਈ ਯਾਤਰੀਆਂ ਲਈ ਵੱਡੀ ਰਾਹਤ ਵਾਲੀ ਖ਼ਬਰ ਸਾਹਮਣੇ ਆਈ ਹੈ। ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਯਾਤਰਾ ਕਰਨ ਵਾਲੇ ਯਾਤਰੀ ਹੁਣ ਦਿੱਲੀ ਹਵਾਈ ਅੱਡੇ 'ਤੇ ਵਾਰ-ਵਾਰ ਚੈੱਕ-ਇਨ, ਸਮਾਨ ਇਕੱਠਾ ਕਰਨ ਅਤੇ ਇਮੀਗ੍ਰੇਸ਼ਨ ਦੀ ਲੰਮੀ ਪ੍ਰਕਿਰਿਆ ਤੋਂ ਬਚ ਸਕਣਗੇ। ਏਅਰ ਇੰਡੀਆ ਨੇ ਆਪਣੀ ਨਵੀਂ 'ਈਜ਼ੀ ਕਨੈਕਟ' (ਹਬ-ਐਂਡ-ਸਪੋਕ) ਸੇਵਾ ਦੀ ਸ਼ੁਰੂਆਤ ਕਰ ਦਿੱਤੀ ਹੈ, ਜਿਸ ਦਾ ਉਦਘਾਟਨ ਕੇਂਦਰੀ ਸਿਵਲ ਹਵਾਬਾਜ਼ੀ ਮੰਤਰੀ ਕਿੰਜਰਾਪੂ ਰਾਮ ਮੋਹਨ ਨਾਇਡੂ ਨੇ ਵਰਚੁਅਲ ਤੌਰ 'ਤੇ ਕੀਤਾ।

ਇਸ ਨਵੀਂ ਸੇਵਾ ਤਹਿਤ ਅੰਮ੍ਰਿਤਸਰ ਤੋਂ ਰਵਾਨਾ ਹੋਣ ਵਾਲੇ ਯਾਤਰੀ ਆਪਣਾ ਸਮਾਨ ਸ਼ੁਰੂਆਤੀ ਹਵਾਈ ਅੱਡੇ ਤੋਂ ਹੀ ਆਪਣੇ ਅੰਤਿਮ ਵਿਦੇਸ਼ੀ ਮੁਕਾਮ ਲਈ ਬੁੱਕ ਕਰਵਾ ਸਕਣਗੇ। ਇਸ ਕਾਰਨ ਦਿੱਲੀ ਪਹੁੰਚਣ ਤੋਂ ਬਾਅਦ ਉਨ੍ਹਾਂ ਨੂੰ ਮੁੜ ਬੈਗੇਜ ਲੈਣ, ਚੈੱਕ-ਇਨ ਕਰਨ ਜਾਂ ਇਮੀਗ੍ਰੇਸ਼ਨ ਦੀ ਪ੍ਰਕਿਰਿਆ ਵਿੱਚੋਂ ਨਹੀਂ ਲੰਘਣਾ ਪਵੇਗਾ। ਯਾਤਰੀ ਸਿੱਧੇ ਕੌਮਾਂਤਰੀ ਟਰਾਂਜ਼ਿਟ ਰਾਹੀਂ ਆਪਣੀ ਅਗਲੀ ਉਡਾਣ ਤੱਕ ਪਹੁੰਚ ਸਕਣਗੇ, ਜਿਸ ਨਾਲ ਸਮੇਂ ਦੀ ਬਚਤ ਅਤੇ ਯਾਤਰਾ ਹੋਰ ਸੁਵਿਧਾਜਨਕ ਬਣੇਗੀ।

ਇਹ ਸੇਵਾ 28 ਜੁਲਾਈ ਤੋਂ ਅੰਮ੍ਰਿਤਸਰ ਹਵਾਈ ਅੱਡੇ 'ਤੇ ਲਾਗੂ ਹੋ ਗਈ ਹੈ। ਏਅਰ ਇੰਡੀਆ ਵੱਲੋਂ ਰੋਜ਼ਾਨਾ ਦੋ 'ਈਜ਼ੀ ਕਨੈਕਟ' ਉਡਾਣਾਂ ਚਲਾਈਆਂ ਜਾਣਗੀਆਂ। ਪਹਿਲੀ ਉਡਾਣ ਏਆਈ-1113 ਸਵੇਰੇ 9:10 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ 10:40 ਵਜੇ ਦਿੱਲੀ ਪਹੁੰਚੇਗੀ, ਜਦਕਿ ਦੂਜੀ ਉਡਾਣ ਏਆਈ-1115 ਰਾਤ 10:00 ਵਜੇ ਉਡਾਣ ਭਰ ਕੇ 11:20 ਵਜੇ ਦਿੱਲੀ ਪਹੁੰਚੇਗੀ।

ਦਿੱਲੀ ਹਵਾਈ ਅੱਡੇ 'ਤੇ ਪਹੁੰਚਣ ਤੋਂ ਬਾਅਦ ਯਾਤਰੀਆਂ ਨੂੰ ਕਰੀਬ ਚਾਰ ਘੰਟਿਆਂ ਦੇ ਅੰਦਰ ਆਪਣੀ ਕੌਮਾਂਤਰੀ ਕਨੈਕਟਿੰਗ ਫਲਾਈਟ ਮਿਲ ਜਾਵੇਗੀ। ਇਸ ਯੋਜਨਾ ਰਾਹੀਂ ਦਿੱਲੀ ਤੋਂ ਲਗਭਗ 27 ਕੌਮਾਂਤਰੀ ਮੰਜ਼ਿਲਾਂ ਲਈ ਆਸਾਨ ਕਨੈਕਟੀਵਿਟੀ ਉਪਲਬਧ ਹੋਵੇਗੀ।

ਏਅਰ ਇੰਡੀਆ ਦੀ ਇਹ ਨਵੀਂ ਸੁਵਿਧਾ ਖ਼ਾਸ ਤੌਰ 'ਤੇ ਅਮਰੀਕਾ, ਕੈਨੇਡਾ, ਯੂਨਾਈਟਿਡ ਕਿੰਗਡਮ, ਯੂਰਪ ਅਤੇ ਹੋਰ ਕਈ ਅਹਿਮ ਕੌਮਾਂਤਰੀ ਰੂਟਾਂ 'ਤੇ ਯਾਤਰਾ ਕਰਨ ਵਾਲਿਆਂ ਲਈ ਲਾਭਦਾਇਕ ਸਾਬਤ ਹੋਵੇਗੀ। ਇਸ ਨਾਲ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਯਾਤਰੀਆਂ ਨੂੰ ਨਾ ਸਿਰਫ਼ ਸਮੇਂ ਦੀ ਬਚਤ ਹੋਵੇਗੀ, ਸਗੋਂ ਦਿੱਲੀ ਹਵਾਈ ਅੱਡੇ 'ਤੇ ਆਉਣ ਵਾਲੀਆਂ ਔਖਾਈਆਂ ਤੋਂ ਵੀ ਰਾਹਤ ਮਿਲੇਗੀ।



# ਮੌਨਸੂਨ ਸੈਸ਼ਨ ਵਿੱਚ ਹਾਜ਼ਰੀ ਲਈ ਅੰਮ੍ਰਿਤਪਾਲ ਸਿੰਘ ਦੀ ਸਪੀਕਰ ਕੋਲ ਅਪੀਲ; 'ਹਲਕੇ ਦੇ 20 ਲੱਖ ਲੋਕਾਂ ਦੀ ਆਵਾਜ਼ ਸੰਸਦ ਤੱਕ ਪਹੁੰਚਾਉਣਾ ਮੇਰਾ ਫ਼ਰਜ਼'



'ਵਾਰਿਸ ਪੰਜਾਬ ਦੇ' ਦੇ ਮੁਖੀ ਅਤੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਸੰਸਦ ਦੇ ਚੱਲ ਰਹੇ ਮੌਨਸੂਨ ਸੈਸ਼ਨ ਵਿੱਚ ਹਿੱਸਾ ਲੈਣ ਲਈ ਲੋਕ ਸਭਾ ਸਪੀਕਰ ਕੋਲ ਮੁੜ ਇਜਾਜ਼ਤ ਮੰਗੀ ਹੈ। ਇਸ ਸਬੰਧੀ ਲਿਖੀ ਗਈ ਚਿੱਠੀ ਨੂੰ ਉਨ੍ਹਾਂ ਦੇ ਪਿਤਾ ਤਰਸੇਮ ਸਿੰਘ ਨੇ ਜਨਤਕ ਕੀਤਾ ਹੈ। ਚਿੱਠੀ ਅਨੁਸਾਰ ਅੰਮ੍ਰਿਤਪਾਲ ਸਿੰਘ ਨੇ 20 ਜੁਲਾਈ ਤੋਂ 13 ਅਗਸਤ 2026 ਤੱਕ ਚੱਲ ਰਹੇ ਮੌਨਸੂਨ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਆਗਿਆ ਦੇਣ ਦੀ ਬੇਨਤੀ ਕੀਤੀ ਹੈ, ਤਾਂ ਜੋ ਉਹ ਆਪਣੇ ਹਲਕੇ ਦੇ ਲੋਕਾਂ ਨਾਲ ਜੁੜੇ ਮੁੱਦੇ ਸੰਸਦ ਵਿੱਚ ਉਠਾ ਸਕਣ।

ਤਰਸੇਮ ਸਿੰਘ ਨੇ ਦਾਅਵਾ ਕੀਤਾ ਕਿ 2024 ਵਿੱਚ ਸੰਸਦ ਮੈਂਬਰ ਚੁਣੇ ਜਾਣ ਤੋਂ ਬਾਅਦ ਵੀ ਅੰਮ੍ਰਿਤਪਾਲ ਸਿੰਘ ਨੂੰ ਅਜੇ ਤੱਕ ਕਿਸੇ ਵੀ ਸੰਸਦੀ ਸੈਸ਼ਨ ਵਿੱਚ ਹਾਜ਼ਰੀ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਸ ਕਾਰਨ ਉਹ ਆਪਣੇ ਹਲਕੇ ਦੀ ਨੁਮਾਇੰਦਗੀ ਕਰਨ ਅਤੇ ਸੰਵਿਧਾਨਕ ਜ਼ਿੰਮੇਵਾਰੀਆਂ ਨਿਭਾਉਣ ਤੋਂ ਵਾਂਝੇ ਰਹੇ ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਅੰਮ੍ਰਿਤਪਾਲ ਸਿੰਘ ਨੂੰ ਸੰਸਦ ਮੈਂਬਰ ਸਥਾਨਕ ਖੇਤਰ ਵਿਕਾਸ ਯੋਜਨਾ (ਫ਼ਲਅਧ) ਦੇ ਫੰਡਾਂ ਦੀ ਵਰਤੋਂ ਤੋਂ ਵੀ ਰੋਕਿਆ ਗਿਆ ਹੈ, ਜਿਸ ਨਾਲ ਖਡੂਰ ਸਾਹਿਬ ਵਿੱਚ ਵਿਕਾਸ ਕਾਰਜ ਪ੍ਰਭਾਵਿਤ ਹੋ ਰਹੇ ਹਨ।

ਤਰਸੇਮ ਸਿੰਘ ਨੇ ਕਿਹਾ ਕਿ ਰਾਸ਼ਟਰੀ ਸੁਰੱਖਿਆ ਕਾਨੂੰਨ (ਸ਼ਅ) ਹਟਾਏ ਜਾਣ ਤੋਂ ਬਾਅਦ ਵੀ ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਹੀ ਰੱਖਿਆ ਗਿਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ਕਾਰਨ ਉਹ ਇੱਕ ਚੁਣੇ ਹੋਏ ਸੰਸਦ ਮੈਂਬਰ ਵਜੋਂ ਆਪਣੇ ਫ਼ਰਜ਼ ਅਦਾ ਨਹੀਂ ਕਰ ਸਕ ਰਹੇ।

ਲੋਕ ਸਭਾ ਸਪੀਕਰ ਨੂੰ ਭੇਜੀ ਆਪਣੀ ਅਰਜ਼ੀ ਵਿੱਚ ਅੰਮ੍ਰਿਤਪਾਲ ਸਿੰਘ ਨੇ ਕਿਹਾ ਹੈ ਕਿ ਪੰਜਾਬ ਨਾਲ ਜੁੜੇ ਕਈ ਅਹਿਮ ਮੁੱਦੇ ਸੰਸਦ ਵਿੱਚ ਚਰਚਾ ਦੀ ਮੰਗ ਕਰਦੇ ਹਨ। ਉਨ੍ਹਾਂ ਪੰਜਾਬ ਵਿੱਚ ਵਧ ਰਹੇ ਨਸ਼ਿਆਂ ਦੇ ਪ੍ਰਭਾਵ, ਮੌਨਸੂਨ ਦੌਰਾਨ ਹੜ੍ਹਾਂ ਦੀ ਸਥਿਤੀ ਅਤੇ ਵਿਗੜ ਰਹੀ ਕਾਨੂੰਨ-ਵਿਵਸਥਾ ਨੂੰ ਤੁਰੰਤ ਧਿਆਨ ਯੋਗ ਮਾਮਲੇ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਖਡੂਰ ਸਾਹਿਬ ਲੋਕ ਸਭਾ ਹਲਕੇ ਦੇ ਲਗਭਗ 20 ਲੱਖ ਲੋਕਾਂ ਦੀ ਆਵਾਜ਼ ਸੰਸਦ ਤੱਕ ਪਹੁੰਚਾਉਣਾ ਉਨ੍ਹਾਂ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ।

ਅਰਜ਼ੀ ਵਿੱਚ ਅੰਮ੍ਰਿਤਪਾਲ ਸਿੰਘ ਨੇ ਲਿਖਿਆ ਕਿ ਪੰਜਾਬ, ਖ਼ਾਸ ਕਰਕੇ ਉਨ੍ਹਾਂ ਦੇ ਹਲਕੇ ਵਿੱਚ, ਫਿਰੌਤੀ, ਡਾਕੇ ਅਤੇ ਅਗਵਾ ਵਰਗੀਆਂ ਘਟਨਾਵਾਂ ਵਿੱਚ ਵਾਧਾ ਹੋਣ ਕਾਰਨ ਲੋਕਾਂ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਸਾਰੇ ਮੁੱਦੇ ਸੰਸਦ ਵਿੱਚ ਉਠਾਏ ਜਾਣੇ ਲਾਜ਼ਮੀ ਹਨ ਅਤੇ ਆਪਣੇ ਹਲਕੇ ਦੇ ਚੁਣੇ ਹੋਏ ਨੁਮਾਇੰਦੇ ਵਜੋਂ ਉਹ ਇਹ ਜ਼ਿੰਮੇਵਾਰੀ ਨਿਭਾਉਣਾ ਚਾਹੁੰਦੇ ਹਨ।

ਅੰਮ੍ਰਿਤਪਾਲ ਸਿੰਘ ਨੇ ਆਪਣੀ ਚਿੱਠੀ ਵਿੱਚ ਇਹ ਵੀ ਜ਼ਿਕਰ ਕੀਤਾ ਕਿ ਇਸ ਤੋਂ ਪਹਿਲਾਂ ਵੀ ਉਹ ਕਈ ਵਾਰ ਸੰਸਦ ਦੀ ਕਾਰਵਾਈ ਵਿੱਚ ਸ਼ਾਮਲ ਹੋਣ ਲਈ ਇਜਾਜ਼ਤ ਮੰਗ ਚੁੱਕੇ ਹਨ, ਪਰ ਹਰ ਵਾਰ ਉਨ੍ਹਾਂ ਦੀ ਬੇਨਤੀ ਮਨਜ਼ੂਰ ਨਹੀਂ ਕੀਤੀ ਗਈ। ਉਨ੍ਹਾਂ ਲੋਕ ਸਭਾ ਸਪੀਕਰ ਨੂੰ ਅਪੀਲ ਕੀਤੀ ਹੈ ਕਿ ਇਸ ਵਾਰ ਮੌਨਸੂਨ ਸੈਸ਼ਨ ਵਿੱਚ ਹਿੱਸਾ ਲੈਣ ਦੀ ਆਗਿਆ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਜੇ ਲੋੜ ਪਵੇ ਤਾਂ ਸਪੀਕਰ ਵੱਲੋਂ ਤੈਅ ਕੀਤੀਆਂ ਜਾਣ ਵਾਲੀਆਂ ਸਾਰੀਆਂ ਸ਼ਰਤਾਂ ਮੰਨਣ ਲਈ ਉਹ ਤਿਆਰ ਹਨ, ਤਾਂ ਜੋ ਉਹ ਇੱਕ ਸੰਸਦ ਮੈਂਬਰ ਵਜੋਂ ਆਪਣੇ ਸੰਵਿਧਾਨਕ ਫ਼ਰਜ਼ ਪ੍ਰਭਾਵਸ਼ਾਲੀ ਢੰਗ ਨਾਲ ਨਿਭਾ ਸਕਣ।

# ਡੇਅਰੀ ਕਿਸਾਨਾਂ ਲਈ ਪੰਜਾਬ ਸਰਕਾਰ ਦਾ ਵੱਡਾ ਫ਼ੈਸਲਾ; ਦੁੱਧ ਦੀ ਖ਼ਰੀਦ ਕੀਮਤ ਵਿੱਚ 40 ਰੁਪਏ ਪ੍ਰਤੀ ਕਿਲੋ ਫ਼ੈਟ ਦਾ ਵਾਧਾ



ਪੰਜਾਬ ਦੇ ਡੇਅਰੀ ਕਿਸਾਨਾਂ ਨੂੰ ਮਹਿੰਗਾਈ ਦੇ ਦੌਰ ਵਿੱਚ ਵੱਡੀ ਰਾਹਤ ਦਿੰਦਿਆਂ ਪੰਜਾਬ ਸਰਕਾਰ ਨੇ ਦੁੱਧ ਦੀ ਖ਼ਰੀਦ ਕੀਮਤ ਵਿੱਚ 40 ਰੁਪਏ ਪ੍ਰਤੀ ਕਿਲੋ ਫ਼ੈਟ ਦਾ ਵਾਧਾ ਕਰਨ ਦਾ ਐਲਾਨ ਕੀਤਾ ਹੈ। ਇਹ ਫ਼ੈਸਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਲਿਆ ਗਿਆ ਹੈ ਅਤੇ ਸਰਕਾਰ ਵੱਲੋਂ ਸੋਧੇ ਹੋਏ ਰੇਟ 21 ਜੁਲਾਈ 2026 ਤੋਂ ਲਾਗੂ ਕਰ ਦਿੱਤੇ ਗਏ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਖੇਤੀਬਾੜੀ ਅਤੇ ਡੇਅਰੀ ਖੇਤਰ ਨਾਲ ਜੁੜੇ ਹਰ ਵਰਗ ਦੇ ਹਿੱਤਾਂ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਲਟਕਾਉਣ ਦੀ ਬਜਾਏ ਉਨ੍ਹਾਂ ਦਾ ਤੁਰੰਤ ਹੱਲ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ ਅਤੇ ਕਿਸਾਨਾਂ ਨਾਲ ਸਿੱਧਾ ਸੰਵਾਦ ਬਣਾਈ ਰੱਖਦੀ ਹੈ।

ਇਹ ਫ਼ੈਸਲਾ ਪ੍ਰੋਗਰੈਸਿਵ ਡੇਅਰੀ ਫ਼ਾਰਮਰਜ਼ ਐਸੋਸੀਏਸ਼ਨ (ਪੀਡੀਐੱਫਏ) ਵੱਲੋਂ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਮੰਗ ਤੋਂ ਬਾਅਦ ਲਿਆ ਗਿਆ ਹੈ। ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਗਿੱਲ ਸਰਦਾਰਪੁਰਾ ਦੀ ਅਗਵਾਈ ਹੇਠ ਡੇਅਰੀ ਕਿਸਾਨਾਂ ਦੇ ਵਫ਼ਦ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਕੇ ਮਹਿੰਗਾਈ ਕਾਰਨ ਵਧ ਰਹੇ ਖ਼ਰਚਿਆਂ ਬਾਰੇ ਜਾਣੂ ਕਰਵਾਇਆ ਸੀ। ਮੰਗਾਂ 'ਤੇ ਵਿਚਾਰ ਕਰਨ ਤੋਂ ਬਾਅਦ ਸਰਕਾਰ ਨੇ ਖ਼ਰੀਦ ਰੇਟ ਵਿੱਚ ਵਾਧਾ ਕਰਨ ਨੂੰ ਮਨਜ਼ੂਰੀ ਦੇ ਦਿੱਤੀ।

ਸਰਕਾਰ ਦੇ ਇਸ ਫ਼ੈਸਲੇ ਨਾਲ ਪੰਜਾਬ ਦੇ ਲੱਖਾਂ ਡੇਅਰੀ ਕਿਸਾਨਾਂ ਨੂੰ ਆਰਥਿਕ ਰਾਹਤ ਮਿਲਣ ਦੀ ਉਮੀਦ ਹੈ। ਉੱਧਰ ਪ੍ਰੋਗਰੈਸਿਵ ਡੇਅਰੀ ਫ਼ਾਰਮਰਜ਼ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਗਿੱਲ ਨੇ ਇਸ ਫ਼ੈਸਲੇ ਲਈ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਦਮ ਡੇਅਰੀ ਖੇਤਰ ਨੂੰ ਮਜ਼ਬੂਤੀ ਦੇਣ ਵਿੱਚ ਅਹਿਮ ਸਾਬਤ ਹੋਵੇਗਾ।

# 'ਪੰਜਾਬ ਵਿੱਚ ਪੇਪਰ ਲੀਕ ਲਈ ਜ਼ੀਰੋ ਟੌਲਰੈਂਸ, ਨੌਕਰੀਆਂ ਸਿਰਫ਼ ਮੈਰਿਟ ਨਾਲ'

## ਨੀਟ ਸਫ਼ਲ ਵਿਦਿਆਰਥੀਆਂ ਨੂੰ ਸਨਮਾਨਿਤ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਦਾ ਵੱਡਾ ਦਾਅਵਾ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਦੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਸੂਬੇ ਵਿੱਚ ਇੱਕ ਵੀ ਪ੍ਰੀਖਿਆ ਦਾ ਪੇਪਰ ਲੀਕ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪ੍ਰੀਖਿਆ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਉਣ ਅਤੇ ਨਕਲ ਮਾਫ਼ੀਆ 'ਤੇ ਸਖ਼ਤ ਕਾਰਵਾਈ ਕਰਨ ਦੀ ਨੀਤੀ ਅਪਣਾਈ ਹੈ, ਜਿਸ ਕਾਰਨ ਨੌਜਵਾਨਾਂ ਦਾ ਸਰਕਾਰੀ ਭਰਤੀ ਅਤੇ ਪ੍ਰੀਖਿਆਵਾਂ ਉੱਤੇ ਭਰੋਸਾ ਮਜ਼ਬੂਤ ਹੋਇਆ ਹੈ।

ਮੁੱਖ ਮੰਤਰੀ ਇਹ ਵਿਚਾਰ ਸਰਕਾਰੀ ਸਕੂਲਾਂ ਦੇ ਨੀਟ-ਯੂਜੀ ਪ੍ਰੀਖਿਆ ਵਿੱਚ ਸਫ਼ਲ ਰਹੇ 882 ਵਿਦਿਆਰਥੀਆਂ ਦੇ ਸਨਮਾਨ ਲਈ ਕਰਵਾਏ ਗਏ ਸੂਬਾ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟ ਕਰ ਰਹੇ ਸਨ। ਸਨਮਾਨਿਤ ਹੋਣ ਵਾਲੇ ਵਿਦਿਆਰਥੀਆਂ ਵਿੱਚ 660 ਲੜਕੀਆਂ ਅਤੇ 222 ਲੜਕੇ ਸ਼ਾਮਲ ਸਨ। ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ, ਲਗਨ ਅਤੇ ਸਫ਼ਲਤਾ ਲਈ ਵਧਾਈ ਦਿੰਦਿਆਂ ਕਿਹਾ ਕਿ ਇਹ ਉਪਲਬਧੀ ਸੂਬੇ ਦੀ ਸਿੱਖਿਆ ਪ੍ਰਣਾਲੀ ਵਿੱਚ ਆਏ ਸਕਾਰਾਤਮਕ ਬਦਲਾਅ ਦਾ ਸਬੂਤ ਹੈ।

ਭਗਵੰਤ ਮਾਨ ਨੇ ਕਿਹਾ ਕਿ ਹਾਲ ਹੀ ਵਿੱਚ ਫਾਰਮੇਸੀ ਦੀ ਇੱਕ ਪ੍ਰੀਖਿਆ ਦੌਰਾਨ ਨਕਲ ਦਾ ਮਾਮਲਾ ਸਾਹਮਣੇ ਆਇਆ ਸੀ, ਪਰ ਪੇਪਰ ਸ਼ੁਰੂ ਹੋਣ ਤੋਂ ਸਿਰਫ਼ ਦਸ ਮਿੰਟਾਂ ਦੇ ਅੰਦਰ ਹੀ ਨਕਲ ਕਰਨ ਵਾਲੇ ਅਤੇ ਨਕਲ ਕਰਵਾਉਣ ਵਾਲੇ ਸਾਰੇ ਲੋਕਾਂ ਨੂੰ ਕਾਬੂ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਦੋਸ਼ੀ ਇਸ ਵੇਲੇ ਜੇਲ੍ਹਾਂ ਵਿੱਚ ਹਨ, ਜਿਸ ਨਾਲ ਇਹ ਸਾਬਤ ਹੁੰਦਾ ਹੈ ਕਿ ਪੰਜਾਬ ਸਰਕਾਰ ਨਕਲ ਅਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਹੀਂ ਵਰਤ ਰਹੀ।

ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਨੀਟ-ਯੂਜੀ ਦੀ ਕੌਮੀ ਪੱਧਰ ਦੀ ਪ੍ਰੀਖਿਆ ਪੇਪਰ ਲੀਕ ਕਾਰਨ ਪ੍ਰਭਾਵਿਤ ਨਾ ਹੁੰਦੀ ਤਾਂ ਪੰਜਾਬ ਤੋਂ ਕਾਮਯਾਬ ਵਿਦਿਆਰਥੀਆਂ ਦੀ ਗਿਣਤੀ ਇੱਕ ਹਜ਼ਾਰ ਤੋਂ ਵੀ ਵੱਧ ਹੋ ਸਕਦੀ ਸੀ। ਉਨ੍ਹਾਂ ਦੱਸਿਆ ਕਿ ਕਈ ਵਿਦਿਆਰਥੀ ਦੁਬਾਰਾ ਕਰਵਾਈ ਗਈ ਪ੍ਰੀਖਿਆ ਵਿੱਚ ਸ਼ਾਮਲ ਨਹੀਂ ਹੋ ਸਕੇ, ਜਿਸ ਕਾਰਨ ਉਨ੍ਹਾਂ ਦੇ ਸੁਪਨਿਆਂ ਨੂੰ ਝਟਕਾ ਲੱਗਿਆ।

ਉਨ੍ਹਾਂ ਦੇਸ਼ ਵਿੱਚ ਵਾਰ-ਵਾਰ ਪੇਪਰ ਲੀਕ ਹੋਣ ਦੇ ਮਾਮਲਿਆਂ 'ਤੇ ਚਿੰਤਾ ਜਤਾਉਂਦਿਆਂ ਕਿਹਾ ਕਿ 2017, 2019, 2022, 2024 ਅਤੇ 2026 ਵਿੱਚ ਨੀਟ ਵਰਗੀ ਮਹੱਤਵਪੂਰਨ ਪ੍ਰੀਖਿਆ ਦੇ ਪੇਪਰ ਲੀਕ ਹੋਣ ਕਾਰਨ ਲੱਖਾਂ ਵਿਦਿਆਰਥੀਆਂ ਦਾ ਭਵਿੱਖ ਪ੍ਰਭਾਵਿਤ ਹੋਇਆ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨੌਜਵਾਨਾਂ ਦਾ ਮਨੋਬਲ ਤੋੜ ਦਿੰਦੀਆਂ ਹਨ ਅਤੇ ਕਈ ਪਰਿਵਾਰਾਂ ਨੂੰ ਨਾ ਭਰਨ ਵਾਲਾ ਘਾਟਾ ਝੱਲਣਾ ਪੈਂਦਾ ਹੈ। ਉਨ੍ਹਾਂ ਆਤਮਹੱਤਿਆ ਕਰਨ ਵਾਲੇ ਵਿਦਿਆਰਥੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਿਸੇ ਵੀ ਮੁਆਵਜ਼ੇ ਨਾਲ ਉਨ੍ਹਾਂ ਦੀ ਜ਼ਿੰਦਗੀ ਦਾ ਮੁੱਲ ਨਹੀਂ ਚੁਕਾਇਆ ਜਾ ਸਕਦਾ।

ਸਿੱਖਿਆ ਖੇਤਰ ਵਿੱਚ ਹੋਏ ਸੁਧਾਰਾਂ ਬਾਰੇ ਗੱਲ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ 2021 ਵਿੱਚ ਪੰਜਾਬ ਦੀ ਸਿੱਖਿਆ ਰੈਂਕਿੰਗ ਦੇਸ਼ ਵਿੱਚ 27ਵੇਂ ਸਥਾਨ 'ਤੇ ਸੀ, ਪਰ ਹੁਣ ਸੂਬਾ ਪਹਿਲੇ ਸਥਾਨ 'ਤੇ ਪਹੁੰਚ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਨਵੀਆਂ ਇਮਾਰਤਾਂ ਬਣਾਈਆਂ ਗਈਆਂ ਹਨ, ਸਮਾਰਟ ਕਲਾਸਰੂਮ ਤਿਆਰ ਕੀਤੇ ਗਏ ਹਨ, ਸਕੂਲਾਂ ਨੂੰ ਵਾਈ-ਫਾਈ ਨਾਲ ਜੋੜਿਆ ਗਿਆ ਹੈ ਅਤੇ ਵਿਦਿਆਰਥੀਆਂ ਲਈ ਮੁਫ਼ਤ ਕੋਚਿੰਗ ਦੀ ਵਿਵਸਥਾ ਵੀ ਕੀਤੀ ਗਈ ਹੈ। ਇਸ ਤੋਂ ਇਲਾਵਾ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਵਿਦੇਸ਼ਾਂ ਵਿੱਚ ਸਿਖਲਾਈ ਲਈ ਭੇਜਿਆ ਜਾ ਰਿਹਾ ਹੈ ਤਾਂ ਜੋ ਸਿੱਖਿਆ ਦੀ ਗੁਣਵੱਤਾ ਹੋਰ ਬਿਹਤਰ ਬਣਾਈ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਹੁਣ ਤੱਕ 68,585 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ ਅਤੇ ਇਨ੍ਹਾਂ ਭਰਤੀਆਂ ਵਿੱਚ ਨਾ ਕਿਸੇ ਤੋਂ ਰਿਸ਼ਵਤ ਲਈ ਗਈ ਅਤੇ ਨਾ ਹੀ ਕਿਸੇ ਦੀ ਸਿਫ਼ਾਰਸ਼ ਚੱਲੀ। ਉਨ੍ਹਾਂ ਕਿਹਾ ਕਿ ਹਰ ਨਿਯੁਕਤੀ ਪੂਰੀ ਤਰ੍ਹਾਂ ਯੋਗਤਾ ਅਤੇ ਮੈਰਿਟ ਦੇ ਆਧਾਰ 'ਤੇ ਕੀਤੀ ਗਈ ਹੈ, ਜਿਸ ਨਾਲ ਸਰਕਾਰੀ ਭਰਤੀ ਪ੍ਰਣਾਲੀ ਵਿੱਚ ਪਾਰਦਰਸ਼ਤਾ ਆਈ ਹੈ।

ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਆਤਮ-ਵਿਸ਼ਵਾਸ ਹੀ ਸਫ਼ਲਤਾ ਦੀ ਸਭ ਤੋਂ ਵੱਡੀ ਕੁੰਜੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਮਿਹਨਤ 'ਤੇ ਭਰੋਸਾ ਰੱਖਣ, ਹਮੇਸ਼ਾ ਨਿਮਰ ਰਹਿਣ ਅਤੇ ਹੰਕਾਰ ਤੋਂ ਦੂਰ ਰਹਿਣ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਹੀ ਰੰਗਲੇ ਪੰਜਾਬ ਦਾ ਭਵਿੱਖ ਹਨ ਅਤੇ ਉਨ੍ਹਾਂ ਦੀ ਤਾਕਤ ਨਾਲ ਹੀ ਸੂਬਾ ਹਰ ਖੇਤਰ ਵਿੱਚ ਨਵੀਆਂ ਉਚਾਈਆਂ ਹਾਸਲ ਕਰੇਗਾ।

ਉਨ੍ਹਾਂ ਕਿਹਾ ਕਿ ਜ਼ੈੱਨ-ਜੀ ਨੇ ਇਹ ਸਾਬਤ ਕੀਤਾ ਹੈ ਕਿ ਜੇ ਨੌਜਵਾਨ ਇਕੱਠੇ ਹੋ ਜਾਣ ਤਾਂ ਵੱਡੇ ਤੋਂ ਵੱਡੇ ਫ਼ੈਸਲੇ ਬਦਲ ਸਕਦੇ ਹਨ। ਪੰਜਾਬੀਆਂ ਦੀ ਮਿਹਨਤ ਅਤੇ ਯੋਗਦਾਨ ਤੋਂ ਬਿਨਾਂ ਦੇਸ਼ ਦਾ ਵਿਕਾਸ ਸੰਭਵ ਨਹੀਂ। ਉਨ੍ਹਾਂ ਕਿਹਾ ਕਿ ਚਾਹੇ ਦੇਸ਼ ਦੀ ਆਜ਼ਾਦੀ ਦੀ ਲੜਾਈ ਹੋਵੇ, ਕਾਰਗਿਲ ਯੁੱਧ, ਖੇਤੀਬਾੜੀ, ਸਿੱਖਿਆ ਜਾਂ ਖੇਡਾਂ—ਹਰ ਖੇਤਰ ਵਿੱਚ ਪੰਜਾਬ ਨੇ ਮੋਹਰੀ ਭੂਮਿਕਾ ਨਿਭਾਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਾਕੀ ਅਤੇ ਲੜਕਿਆਂ ਅਤੇ ਲੜਕੀਆਂ ਦੀ ਕ੍ਰਿਕਟ ਟੀਮਾਂ ਦੇ ਕਪਤਾਨ ਵੀ ਪੰਜਾਬ ਨਾਲ ਸਬੰਧਤ ਹਨ, ਜੋ ਸੂਬੇ ਲਈ ਮਾਣ ਦੀ ਗੱਲ ਹੈ।

ਮੁੱਖ ਮੰਤਰੀ ਨੇ ਆਪਣੇ ਰਾਜਨੀਤਿਕ ਸਫ਼ਰ ਦਾ ਜ਼ਿਕਰ ਕਰਦਿਆਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਹਮੇਸ਼ਾ ਆਪਣੀ ਅੰਤਰ-ਆਤਮਾ ਦੀ ਆਵਾਜ਼ ਸੁਣਨ ਅਤੇ ਆਪਣੇ ਫ਼ੈਸਲਿਆਂ 'ਤੇ ਭਰੋਸਾ ਰੱਖਣ। ਉਨ੍ਹਾਂ ਕਿਹਾ ਕਿ ਜਦੋਂ ਉਹ ਰਾਜਨੀਤੀ ਵਿੱਚ ਆਏ ਸਨ ਤਾਂ ਕਈ ਲੋਕ ਉਨ੍ਹਾਂ ਦਾ ਮਖੌਲ ਉਡਾਉਂਦੇ ਸਨ, ਪਰ ਅੱਜ ਉਹੀ ਲੋਕ ਉਨ੍ਹਾਂ ਦੀ ਲੋਕਪ੍ਰਿਯਤਾ ਤੋਂ ਘਬਰਾਏ ਹੋਏ ਹਨ, ਕਿਉਂਕਿ ਪੰਜਾਬ ਦੀ ਜਨਤਾ ਨੇ ਬਦਲਾਅ ਨੂੰ ਚੁਣਿਆ ਹੈ।

ਸਮਾਗਮ ਦੌਰਾਨ ਮੁੱਖ ਮੰਤਰੀ ਨੇ ਸਫ਼ਲ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਮੁਹਾਲੀ ਦੇ ਵਿਧਾਇਕ ਕੁਲਵੰਤ ਸਿੰਘ, ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪੇ ਵੀ ਮੌਜੂਦ ਸਨ।

# ਸੰਗਰੂਰ 'ਚ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਨੂੰ ਅੱਗ ਲਗਾਉਣ ਦੀ ਕੋਸ਼ਿਸ਼, ਪੈਟਰੋਲ ਬੰਬ ਹਮਲੇ ਨਾਲ ਫੈਲੀ ਦਹਿਸ਼ਤ




**ਸੰਗਰੂਰ:** ਸੰਗਰੂਰ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਜ਼ਿਲ੍ਹਾ ਦਫ਼ਤਰ ਨੂੰ ਨਿਸ਼ਾਨਾ ਬਣਾਉਂਦਿਆਂ ਅਣਪਛਾਤੇ ਵਿਅਕਤੀਆਂ ਵੱਲੋਂ ਪੈਟਰੋਲ ਬੰਬ ਨਾਲ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ ਸ਼ਨੀਵਾਰ ਅਤੇ ਐਤਵਾਰ ਦੀ ਦਰਮਿਆਨੀ ਰਾਤ ਕਰੀਬ 2 ਤੋਂ 2:30 ਵਜੇ ਦੇ ਵਿਚਕਾਰ ਵਾਪਰੀ ਦੱਸੀ ਜਾ ਰਹੀ ਹੈ। ਉਸ ਸਮੇਂ ਦਫ਼ਤਰ ਵਿੱਚ ਕੋਈ ਵੀ ਮੌਜੂਦ ਨਹੀਂ ਸੀ, ਜਿਸ ਕਾਰਨ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ, ਪਰ ਦਫ਼ਤਰ ਦੀ ਬਾਹਰੀ ਕੰਧ 'ਤੇ ਅੱਗ ਅਤੇ ਧੂੰਏਂ ਦੇ ਸਪੱਸ਼ਟ ਨਿਸ਼ਾਨ ਮਿਲੇ ਹਨ।

ਐਤਵਾਰ ਸਵੇਰੇ ਜਦੋਂ ਭਾਜਪਾ ਦਾ ਇੱਕ ਵਰਕਰ ਦਫ਼ਤਰ ਖੋਲ੍ਹਣ ਲਈ ਪਹੁੰਚਿਆ ਤਾਂ ਉਸ ਨੇ ਕੰਧ 'ਤੇ ਅੱਗ ਦੇ ਨਿਸ਼ਾਨ ਅਤੇ ਘਟਨਾ ਦੇ ਸਬੂਤ ਵੇਖ ਕੇ ਤੁਰੰਤ ਪਾਰਟੀ ਆਗੂਆਂ ਅਤੇ ਪੁਲੀਸ ਨੂੰ ਸੂਚਿਤ ਕੀਤਾ। ਸੂਚਨਾ ਮਿਲਦਿਆਂ ਹੀ ਪੁਲੀਸ ਦੇ ਸੀਨੀਅਰ ਅਧਿਕਾਰੀ ਅਤੇ ਫੋਰੈਂਸਿਕ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਸਬੂਤ ਇਕੱਠੇ ਕਰਕੇ ਜਾਂਚ ਸ਼ੁਰੂ ਕਰ ਦਿੱਤੀ।


ਐੱਸ.ਪੀ. (ਡੀ) ਦਵਿੰਦਰ ਅਤਰੀ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਹਮਲਾਵਰਾਂ ਨੇ ਬੀਅਰ ਦੀ ਬੋਤਲ ਵਿੱਚ ਪੈਟਰੋਲ ਭਰ ਕੇ ਦਫ਼ਤਰ ਦੀ ਬਾਹਰੀ ਕੰਧ ਵੱਲ ਸੁੱਟਿਆ ਸੀ। ਪੁਲੀਸ ਨੇ ਘਟਨਾ ਸਥਾਨ ਤੋਂ ਸਬੂਤ ਇਕੱਠੇ ਕਰ ਲਏ ਹਨ ਅਤੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵੀ ਖੰਗਾਲੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਾਮਲੇ ਸਬੰਧੀ ਕੇਸ ਦਰਜ ਕੀਤਾ ਜਾ ਰਿਹਾ ਹੈ ਅਤੇ ਵੱਖ-ਵੱਖ ਟੀਮਾਂ ਦੋਸ਼ੀਆਂ ਦੀ ਪਛਾਣ ਅਤੇ ਗ੍ਰਿਫ਼ਤਾਰੀ ਲਈ ਕੰਮ ਕਰ ਰਹੀਆਂ ਹਨ।

ਭਾਜਪਾ ਆਗੂ ਰਣਦੀਪ ਸਿੰਘ ਦਿਓਲ ਨੇ ਦਾਅਵਾ ਕੀਤਾ ਕਿ ਹਮਲਾਵਰਾਂ ਦਾ ਮਕਸਦ ਦਫ਼ਤਰ ਨੂੰ ਅੱਗ ਲਗਾਉਣਾ ਸੀ। ਉਨ੍ਹਾਂ ਕਿਹਾ ਕਿ ਦਫ਼ਤਰ ਦੀ ਕੰਧ ਤੋਂ ਉੱਪਰ ਤੱਕ ਧੂੰਏਂ ਦੇ ਨਿਸ਼ਾਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਅੱਗ ਲੱਗੀ ਸੀ। ਉਨ੍ਹਾਂ ਇਸ ਘਟਨਾ ਨੂੰ ਪੰਜਾਬ ਵਿੱਚ ਕਾਨੂੰਨ-ਵਿਵਸਥਾ ਦੀ ਸਥਿਤੀ ਨਾਲ ਜੋੜਦਿਆਂ ਰਾਜ ਸਰਕਾਰ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਪਹਿਲਾਂ ਵੀ ਭਾਜਪਾ ਦੇ ਚੰਡੀਗੜ੍ਹ ਦਫ਼ਤਰ ਅਤੇ ਪੁਲੀਸ ਥਾਣਿਆਂ 'ਤੇ ਹਮਲੇ ਹੋ ਚੁੱਕੇ ਹਨ।

ਭਾਜਪਾ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਮਨਿੰਦਰ ਸਿੰਘ ਕਪਿਆਲ ਨੇ ਕਿਹਾ ਕਿ ਘਟਨਾ ਦੀ ਜਾਣਕਾਰੀ ਤੁਰੰਤ ਪਾਰਟੀ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੂੰ ਦੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਸਿਆਸੀ ਪਾਰਟੀਆਂ ਦੇ ਦਫ਼ਤਰ, ਪੁਲੀਸ ਥਾਣੇ ਅਤੇ ਆਮ ਲੋਕ ਹੀ ਸੁਰੱਖਿਅਤ ਨਹੀਂ ਹਨ ਤਾਂ ਇਹ ਸੂਬੇ ਦੀ ਕਾਨੂੰਨ-ਵਿਵਸਥਾ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਦੂਜੇ ਪਾਸੇ ਪੁਲੀਸ ਦਾ ਕਹਿਣਾ ਹੈ ਕਿ ਮਾਮਲੇ ਦੀ ਹਰ ਪੱਖੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਤਕਨੀਕੀ ਸਬੂਤਾਂ ਦੇ ਆਧਾਰ 'ਤੇ ਹਮਲਾਵਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ।

# ਪਾਵਰਕੌਮ ਕਰਮਚਾਰੀਆਂ ਦੀ ਹੜਤਾਲ ਨਾਲ ਬਿਜਲੀ ਸੇਵਾਵਾਂ ਠੱਪ; ਮੁਹਾਲੀ ਵਿੱਚ ਘੰਟਿਆਂ ਦੇ ਕੱਟਾਂ ਨੇ ਵਧਾਈ ਲੋਕਾਂ ਦੀ ਪ੍ਰੇਸ਼ਾਨੀ, ਸ਼ਿਕਾਇਤ ਕੇਂਦਰਾਂ 'ਤੇ ਲੱਗੇ ਤਾਲੇ



**ਮੁਹਾਲੀ:** ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ) ਦੇ ਤਕਨੀਕੀ ਕਰਮਚਾਰੀਆਂ ਅਤੇ ਆਊਟਸੋਰਸਡ ਮੁਲਾਜ਼ਮਾਂ ਦੀ ਜਾਰੀ ਹੜਤਾਲ ਕਾਰਨ ਸੂਬੇ ਵਿੱਚ ਬਿਜਲੀ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ। ਹੜਤਾਲ ਦੇ ਛੇਵੇਂ ਦਿਨ ਮੁਹਾਲੀ ਜ਼ਿਲ੍ਹੇ ਦੇ ਕਈ ਇਲਾਕਿਆਂ ਵਿੱਚ ਸ਼ਿਕਾਇਤ ਕੇਂਦਰ ਬੰਦ ਰਹੇ, ਹੈਲਪਲਾਈਨ ਨੰਬਰਾਂ 'ਤੇ ਸੰਪਰਕ ਨਹੀਂ ਹੋ ਸਕਿਆ ਅਤੇ ਬਿਜਲੀ ਦੀਆਂ ਖ਼ਰਾਬੀਆਂ ਘੰਟਿਆਂ ਤੱਕ ਦੂਰ ਨਾ ਹੋਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਸਭ ਤੋਂ ਵੱਧ ਪ੍ਰਭਾਵਿਤ ਇਲਾਕਿਆਂ ਵਿੱਚੋਂ ਇੱਕ ਬੜਮਾਜਰਾ ਰਿਹਾ, ਜਿੱਥੇ ਵਸਨੀਕਾਂ ਨੇ ਪੂਰੀ ਰਾਤ ਬਿਜਲੀ ਤੋਂ ਬਿਨਾਂ ਗੁਜ਼ਾਰੀ। ਇੱਥੇ ਸ਼ਾਮ ਕਰੀਬ 8 ਵਜੇ ਬਿਜਲੀ ਸਪਲਾਈ ਬੰਦ ਹੋਈ ਜੋ ਅਗਲੇ ਦਿਨ ਸਵੇਰੇ ਲਗਭਗ 8:30 ਵਜੇ ਜਾ ਕੇ ਬਹਾਲ ਹੋਈ। ਲੰਬੇ ਬਿਜਲੀ ਕੱਟ ਕਾਰਨ ਗੁੱਸੇ ਵਿੱਚ ਆਏ ਨੌਜਵਾਨ ਸੜਕਾਂ ਅਤੇ ਸ਼ਿਕਾਇਤ ਕੇਂਦਰ ਦੇ ਬਾਹਰ ਇਕੱਠੇ ਹੋਏ, ਪਰ ਉਨ੍ਹਾਂ ਦੀ ਗੱਲ ਸੁਣਨ ਲਈ ਕੋਈ ਅਧਿਕਾਰੀ ਜਾਂ ਕਰਮਚਾਰੀ ਮੌਜੂਦ ਨਹੀਂ ਸੀ।

ਇਸੇ ਤਰ੍ਹਾਂ ਮੁਹਾਲੀ ਦੇ ਫ਼ੇਜ਼-2 ਇਲਾਕੇ ਦੇ ਵਸਨੀਕਾਂ ਨੇ ਵੀ ਕਈ ਘੰਟਿਆਂ ਤੱਕ ਬਿਜਲੀ ਨਾ ਆਉਣ ਦੀ ਸ਼ਿਕਾਇਤ ਕੀਤੀ। ਉਨ੍ਹਾਂ ਦਾ ਕਹਿਣਾ ਹੈ ਕਿ ਸਵੇਰੇ 11 ਵਜੇ ਤੋਂ ਬਾਅਦ ਚਾਰ ਤੋਂ ਪੰਜ ਘੰਟਿਆਂ ਤੱਕ ਇਲਾਕਾ ਹਨੇਰੇ ਵਿੱਚ ਡੁੱਬਿਆ ਰਿਹਾ, ਜਿਸ ਨਾਲ ਘਰੇਲੂ ਅਤੇ ਕਾਰੋਬਾਰੀ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ।

ਫ਼ੇਜ਼-2 ਦੇ ਰਹਿਣ ਵਾਲੇ ਅਤੇ ਫ਼ਾਰਮਾਸਿਊਟੀਕਲ ਕਾਰੋਬਾਰੀ ਅਮਨ ਸੇਠ ਨੇ ਆਪਣੀ ਪਰੇਸ਼ਾਨੀ ਸਾਂਝੀ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਾਤਾ ਸਾਹ ਲੈਣ ਵਾਲੀ ਮਸ਼ੀਨ 'ਤੇ ਨਿਰਭਰ ਹਨ, ਪਰ ਲੰਬੇ ਸਮੇਂ ਤੱਕ ਬਿਜਲੀ ਨਾ ਹੋਣ ਅਤੇ ਇਨਵਰਟਰ ਦੀ ਬੈਟਰੀ ਖ਼ਤਮ ਹੋ ਜਾਣ ਕਾਰਨ ਪਰਿਵਾਰ ਗੰਭੀਰ ਚਿੰਤਾ ਵਿੱਚ ਹੈ। ਉਨ੍ਹਾਂ ਸਵਾਲ ਉਠਾਇਆ ਕਿ ਅਜਿਹੀ ਸਥਿਤੀ ਵਿੱਚ ਜ਼ਰੂਰੀ ਮੈਡੀਕਲ ਸਹੂਲਤਾਂ 'ਤੇ ਨਿਰਭਰ ਮਰੀਜ਼ਾਂ ਦੀ ਸੁਰੱਖਿਆ ਕਿਵੇਂ ਯਕੀਨੀ ਬਣਾਈ ਜਾਵੇਗੀ।

ਸਥਾਨਕ ਲੋਕਾਂ ਨੇ ਦੋਸ਼ ਲਾਇਆ ਕਿ ਨਜ਼ਦੀਕੀ ਸ਼ਿਕਾਇਤ ਕੇਂਦਰਾਂ ਨੂੰ ਤਾਲੇ ਲੱਗੇ ਹੋਏ ਸਨ ਅਤੇ ਪੀਐੱਸਪੀਸੀਐੱਲ ਦੇ ਹੈਲਪਲਾਈਨ ਨੰਬਰਾਂ 'ਤੇ ਕੋਈ ਜਵਾਬ ਨਹੀਂ ਮਿਲ ਰਿਹਾ ਸੀ। ਕਈ ਲੋਕਾਂ ਨੇ ਕਿਹਾ ਕਿ ਵਾਰ-ਵਾਰ ਫੋਨ ਕਰਨ ਦੇ ਬਾਵਜੂਦ ਨਾ ਤਾਂ ਸ਼ਿਕਾਇਤ ਦਰਜ ਹੋਈ ਅਤੇ ਨਾ ਹੀ ਕੋਈ ਮੁਰੰਮਤ ਟੀਮ ਮੌਕੇ 'ਤੇ ਪਹੁੰਚੀ।


ਹੜਤਾਲ ਕਾਰਨ ਪਾਵਰਕੌਮ ਦੀ ਮੁਰੰਮਤ ਅਤੇ ਫਾਲਟ ਠੀਕ ਕਰਨ ਵਾਲੀ ਪ੍ਰਣਾਲੀ ਲਗਭਗ ਠੱਪ ਹੋ ਗਈ ਹੈ। ਬਿਜਲੀ ਲਾਈਨਾਂ ਵਿੱਚ ਆਉਣ ਵਾਲੀਆਂ ਖ਼ਰਾਬੀਆਂ ਨੂੰ ਦੂਰ ਕਰਨ ਲਈ ਲੋੜੀਂਦਾ ਤਕਨੀਕੀ ਅਮਲਾ ਡਿਊਟੀ 'ਤੇ ਨਾ ਹੋਣ ਕਾਰਨ ਸਪਲਾਈ ਬਹਾਲ ਕਰਨ ਵਿੱਚ ਕਾਫ਼ੀ ਦੇਰੀ ਹੋ ਰਹੀ ਹੈ। ਹਾਲਾਂਕਿ ਬਿਜਲੀ ਗਰਿੱਡਾਂ ਦਾ ਸੰਚਾਲਨ ਸੀਨੀਅਰ ਅਧਿਕਾਰੀਆਂ ਵੱਲੋਂ ਸੰਭਾਲਿਆ ਜਾ ਰਿਹਾ ਹੈ ਤਾਂ ਜੋ ਮੁੱਖ ਸਪਲਾਈ ਪ੍ਰਣਾਲੀ ਚੱਲਦੀ ਰਹੇ।

ਨਯਾਗਾਓਂ ਵਿੱਚ ਪੀਐੱਸਪੀਸੀਐੱਲ ਦੇ ਅਧਿਕਾਰੀਆਂ ਨੇ ਵੀ ਮੰਨਿਆ ਕਿ ਪਿਛਲੇ ਦੋ ਦਿਨਾਂ ਤੋਂ ਸ਼ਿਕਾਇਤ ਨਿਵਾਰਨ ਨਾਲ ਜੁੜਿਆ ਪੂਰਾ ਅਮਲਾ ਹੜਤਾਲ 'ਤੇ ਹੈ। ਉਨ੍ਹਾਂ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਬਿਜਲੀ ਉਪਕਰਣਾਂ ਦੀ ਸੰਭਾਲ ਨਾਲ ਵਰਤੋਂ ਕਰਨ ਅਤੇ ਬੇਲੋੜਾ ਲੋਡ ਨਾ ਪਾਉਣ, ਕਿਉਂਕਿ ਜੇਕਰ ਕੋਈ ਤਕਨੀਕੀ ਖ਼ਰਾਬੀ ਆਉਂਦੀ ਹੈ ਤਾਂ ਹੜਤਾਲ ਕਾਰਨ ਉਸ ਨੂੰ ਠੀਕ ਕਰਨ ਵਿੱਚ ਆਮ ਨਾਲੋਂ ਕਾਫ਼ੀ ਵੱਧ ਸਮਾਂ ਲੱਗ ਸਕਦਾ ਹੈ।

ਦੂਜੇ ਪਾਸੇ ਹੜਤਾਲ ਕਰ ਰਹੀਆਂ ਯੂਨੀਅਨਾਂ ਆਪਣੀਆਂ ਮੰਗਾਂ 'ਤੇ ਡਟੀਆਂ ਹੋਈਆਂ ਹਨ। ਉਨ੍ਹਾਂ ਦੀ ਮੁੱਖ ਮੰਗ ਹੈ ਕਿ "ਬਰਾਬਰ ਕੰਮ, ਬਰਾਬਰ ਤਨਖ਼ਾਹ" ਦਾ ਸਿਧਾਂਤ ਲਾਗੂ ਕੀਤਾ ਜਾਵੇ ਅਤੇ ਸਾਲਾਂ ਤੋਂ ਸੇਵਾ ਨਿਭਾ ਰਹੇ ਆਊਟਸੋਰਸਡ ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇ। ਯੂਨੀਅਨਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।

ਬਿਜਲੀ ਕਰਮਚਾਰੀਆਂ ਦੀ ਹੜਤਾਲ ਕਾਰਨ ਪੈਦਾ ਹੋਏ ਹਾਲਾਤਾਂ ਨੇ ਨਾ ਸਿਰਫ਼ ਆਮ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਪ੍ਰਭਾਵਿਤ ਕੀਤੀ ਹੈ, ਸਗੋਂ ਹਸਪਤਾਲਾਂ, ਛੋਟੇ ਕਾਰੋਬਾਰਾਂ ਅਤੇ ਬਿਜਲੀ 'ਤੇ ਨਿਰਭਰ ਜ਼ਰੂਰੀ ਸੇਵਾਵਾਂ ਲਈ ਵੀ ਚਿੰਤਾ ਵਧਾ ਦਿੱਤੀ ਹੈ। ਲੋਕਾਂ ਦੀ ਮੰਗ ਹੈ ਕਿ ਸਰਕਾਰ ਅਤੇ ਯੂਨੀਅਨਾਂ ਵਿਚਾਲੇ ਜਲਦ ਗੱਲਬਾਤ ਕਰਕੇ ਹੱਲ ਕੱਢਿਆ ਜਾਵੇ ਤਾਂ ਜੋ ਬਿਜਲੀ ਸਪਲਾਈ ਅਤੇ ਸ਼ਿਕਾਇਤ ਨਿਵਾਰਨ ਸੇਵਾਵਾਂ ਮੁੜ ਆਮ ਹੋ ਸਕਣ।






# ਸਪੋਰਟਸ/ਖੇਡਾਂ



## ਸੰਘਰਸ਼ ਤੋਂ ਸਿਲਵਰ ਤੱਕ ਦਾ ਸਫ਼ਰ: ਨਾਭਾ ਦੀ ਹਰਜਿੰਦਰ ਕੌਰ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਦੀ ਝੋਲੀ ਪਾਇਆ ਚਾਂਦੀ ਦਾ ਤਗ਼ਮਾ

**ਨਾਭਾ/ਗਲਾਸਗੋ:** ਪੰਜਾਬ ਦੇ ਨਾਭਾ ਨੇੜਲੇ ਪਿੰਡ ਮੈਹਸ ਦੀ ਧੀ ਅਤੇ ਕਿਸਾਨ ਪਰਿਵਾਰ ਨਾਲ ਸਬੰਧਤ ਵੇਟਲਿਫਟਰ ਹਰਜਿੰਦਰ ਕੌਰ ਨੇ ਰਾਸ਼ਟਰਮੰਡਲ ਖੇਡਾਂ 2026 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਭਾਰਤ ਲਈ ਚਾਂਦੀ ਦਾ ਤਗ਼ਮਾ ਜਿੱਤ ਕੇ ਦੇਸ਼ ਦਾ ਮਾਣ ਵਧਾਇਆ ਹੈ। ਗਲਾਸਗੋ ਵਿੱਚ ਹੋਏ ਮਹਿਲਾਵਾਂ ਦੇ 69 ਕਿਲੋਗ੍ਰਾਮ ਭਾਰ ਵਰਗ ਦੇ ਮੁਕਾਬਲੇ ਵਿੱਚ ਹਰਜਿੰਦਰ ਨੇ ਕੁੱਲ 227 ਕਿਲੋਗ੍ਰਾਮ ਭਾਰ ਚੁੱਕ ਕੇ ਦੂਜਾ ਸਥਾਨ ਹਾਸਲ ਕੀਤਾ। ਨਤੀਜੇ ਭਾਰਤੀ ਸਮੇਂ ਅਨੁਸਾਰ ਰਾਤ ਕਰੀਬ 1 ਵਜੇ ਐਲਾਨੇ ਗਏ, ਜਿਸ ਤੋਂ ਬਾਅਦ ਨਾਭਾ ਵਿੱਚ ਉਸ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਵਧਾਈਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਮੁਕਾਬਲੇ ਵਿੱਚ ਕੈਨੇਡਾ ਦੀ ਚਰਲੇਟ ਸੀਮੋਨ ਨੇ ਕੁੱਲ 240 ਕਿਲੋਗ੍ਰਾਮ ਭਾਰ ਚੁੱਕ ਕੇ ਸੋਨ ਤਗ਼ਮਾ ਆਪਣੇ ਨਾਂ ਕੀਤਾ, ਜਦਕਿ ਆਸਟਰੇਲੀਆ ਦੀ ਨਯਾ ਫੇਬ ਹੇਮਨ ਨੇ 218 ਕਿਲੋਗ੍ਰਾਮ ਭਾਰ ਚੁੱਕ ਕੇ ਕਾਂਸੀ ਦਾ ਤਗ਼ਮਾ ਜਿੱਤਿਆ। ਹਰਜਿੰਦਰ ਕੌਰ ਨੇ ਸਨੈਚ ਅਤੇ ਕਲੀਨ ਐਂਡ ਜਰਕ ਦੋਵਾਂ ਰਾਊਂਡਾਂ ਵਿੱਚ ਸੰਤੁਲਿਤ ਪ੍ਰਦਰਸ਼ਨ ਕਰਦਿਆਂ ਪੋਡੀਅਮ ‘ਤੇ ਆਪਣੀ ਜਗ੍ਹਾ ਪੱਕੀ ਕੀਤੀ ਅਤੇ ਭਾਰਤ ਨੂੰ ਇੱਕ ਹੋਰ ਅਹਿਮ ਤਗ਼ਮਾ ਦਿਵਾਇਆ।

ਹਰਜਿੰਦਰ ਦੀ ਇਸ ਉਪਲਬਧੀ ‘ਤੇ ਦੇਸ਼ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਵੀ ਵਧਾਈ ਦਿੱਤੀ। ਆਪਣੇ ਸੰਦੇਸ਼ ਵਿੱਚ ਰਾਸ਼ਟਰਪਤੀ ਨੇ ਕਿਹਾ ਕਿ ਹਰਜਿੰਦਰ ਕੌਰ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਪੂਰੇ ਦੇਸ਼ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ ਅਤੇ ਉਹ ਭਵਿੱਖ ਵਿੱਚ ਵੀ ਅੰਤਰਰਾਸ਼ਟਰੀ ਮੰਚਾਂ ‘ਤੇ ਭਾਰਤ ਲਈ ਹੋਰ ਸਫਲਤਾਵਾਂ ਹਾਸਲ ਕਰੇ।

ਹਰਜਿੰਦਰ ਦੀ ਜਿੱਤ ਦੇ ਪਿੱਛੇ ਸਾਲਾਂ ਦਾ ਸੰਘਰਸ਼ ਅਤੇ ਪਰਿਵਾਰ ਦੀ ਕੁਰਬਾਨੀ ਛੁਪੀ ਹੋਈ ਹੈ। ਮੁਕਾਬਲੇ ਤੋਂ ਕੁਝ ਘੰਟੇ ਪਹਿਲਾਂ ਹੀ ਉਸ ਨੇ ਆਪਣੇ



ਭਰਾ ਪ੍ਰਿਤਪਾਲ ਸਿੰਘ ਨਾਲ ਫ਼ੋਨ ‘ਤੇ ਗੱਲ ਕਰਕੇ ਕਿਹਾ ਸੀ ਕਿ ਉਹ ਪੂਰੀ ਤਰ੍ਹਾਂ ਤਿਆਰ ਹੈ ਅਤੇ ਸੋਨੇ ਜਾਂ ਚਾਂਦੀ ਦਾ ਤਗ਼ਮਾ ਜ਼ਰੂਰ ਜਿੱਤੇਗੀ। ਉਸ ਦਾ ਇਹ ਭਰੋਸਾ ਸਹੀ ਸਾਬਤ ਹੋਇਆ ਅਤੇ ਉਹ ਚਾਂਦੀ ਦਾ ਤਗ਼ਮਾ ਜਿੱਤ ਕੇ ਵਾਪਸ ਪਰਤੀ।

ਹਰਜਿੰਦਰ ਦੇ ਪਿਤਾ ਸਾਹਿਬ ਸਿੰਘ ਨੇ ਇਸ ਸਫਲਤਾ ਦਾ ਸਿਹਰਾ ਆਪਣੀ ਧੀ ਦੀ ਸਖ਼ਤ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨੂੰ ਦਿੱਤਾ। ਉਨ੍ਹਾਂ ਦੱਸਿਆ ਕਿ ਪਰਿਵਾਰ ਦੀ ਆਰਥਿਕ ਹਾਲਤ ਕਦੇ ਵੀ ਮਜ਼ਬੂਤ ਨਹੀਂ ਰਹੀ। ਧੀ ਦੀ ਸਿਖਲਾਈ, ਖੁਰਾਕ ਅਤੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਲੋੜੀਂਦੇ ਖਰਚੇ ਪੂਰੇ ਕਰਨ ਵਾਸਤੇ ਉਨ੍ਹਾਂ ਨੇ ਕਈ ਵਾਰ ਕਰਜ਼ਾ ਵੀ ਲਿਆ, ਪਰ ਧੀ ਦੇ ਸੁਪਨਿਆਂ ਨੂੰ ਕਦੇ ਟੁੱਟਣ ਨਹੀਂ ਦਿੱਤਾ।

ਹਰਜਿੰਦਰ ਦਾ ਬਚਪਨ ਵੀ ਕਾਫ਼ੀ ਸੰਘਰਸ਼ ਭਰਿਆ ਰਿਹਾ। ਉਹ ਹਰ ਰੋਜ਼ ਪਿੰਡ ਮੈਹਸ ਤੋਂ ਨਾਭਾ ਤੱਕ ਲਗਭਗ ਪੰਜ ਕਿਲੋਮੀਟਰ ਸਾਈਕਲ ਚਲਾ ਕੇ ਸਕੂਲ ਜਾਂਦੀ ਸੀ। ਕਈ ਵਾਰ ਰਸਤੇ ਵਿੱਚ ਸਾਈਕਲ ਪੈਂਚਰ ਹੋ ਜਾਂਦਾ ਸੀ, ਪਰ ਉਹ ਘਰ ਦੀ ਆਰਥਿਕ ਸਥਿਤੀ ਨੂੰ ਸਮਝਦਿਆਂ ਕਦੇ ਸ਼ਿਕਾਇਤ ਨਹੀਂ ਕਰਦੀ ਸੀ ਅਤੇ ਚੁੱਪਚਾਪ ਸਾਈਕਲ ਘਰ ਤੱਕ ਲੈ ਆਉਂਦੀ ਸੀ।

ਸਕੂਲ ਦੀ ਪੜ੍ਹਾਈ ਦੇ ਨਾਲ-ਨਾਲ ਹਰਜਿੰਦਰ ਆਪਣੇ ਪਿਤਾ ਦਾ ਖੇਤਾਂ ਵਿੱਚ ਹੱਥ ਵੀ ਵਟਾਉਂਦੀ ਸੀ ਅਤੇ ਘਰ ਦੇ ਪਸ਼ੂਆਂ ਦੀ ਦੇਖਭਾਲ ਵਿੱਚ ਵੀ ਸਹਿਯੋਗ ਕਰਦੀ ਸੀ। ਉਸ ਦਾ ਖੇਡ ਸਫ਼ਰ ਗਿਆਰਵੀਂ ਜਮਾਤ ਦੌਰਾਨ ਸ਼ੁਰੂ ਹੋਇਆ। ਪਹਿਲਾਂ ਉਹ ਕਬੱਡੀ ਖੇਡਦੀ ਸੀ, ਪਰ ਉਸ ਦੇ ਪਹਿਲੇ ਕੋਚ ਪਰਮਜੀਤ ਸ਼ਰਮਾ ਨੇ ਉਸ ਦੀ ਸਰੀਰਕ ਤਾਕਤ ਨੂੰ ਦੇਖਦਿਆਂ ਪਹਿਲਾਂ ਰੱਸਾਕਸ਼ੀ ਅਤੇ ਬਾਅਦ ਵਿੱਚ ਵੇਟਲਿਫਟਿੰਗ ਵੱਲ ਪ੍ਰੇਰਿਤ ਕੀਤਾ।

ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਹਰਜਿੰਦਰ ਨੇ ਵੇਟਲਿਫਟਿੰਗ ਛੱਡਣ ਦਾ ਮਨ ਬਣਾ ਲਿਆ ਸੀ। ਉਸ ਨੂੰ ਚਿੰਤਾ ਸੀ ਕਿ ਇਸ ਖੇਡ ਨਾਲ ਉਸ ਦੇ ਸਰੀਰ ਦੀ ਬਣਤਰ ਬਦਲ ਜਾਵੇਗੀ। ਪਰ ਉਸ ਦੇ ਮਾਤਾ-ਪਿਤਾ ਨੇ ਉਸ ਨੂੰ ਹੌਸਲਾ ਦਿੱਤਾ ਅਤੇ ਕਿਹਾ ਕਿ ਉਹ ਆਪਣੇ ਸੁਪਨਿਆਂ ‘ਤੇ ਧਿਆਨ ਦੇਵੇ, ਨਾ ਕਿ ਲੋਕਾਂ ਦੀਆਂ ਗੱਲਾਂ ‘ਤੇ। ਇਹੀ ਹੌਸਲਾ ਉਸ ਦੇ ਜੀਵਨ ਦਾ ਵੱਡਾ ਮੋੜ ਬਣਿਆ।

ਪਰਿਵਾਰ ਨੇ ਆਰਥਿਕ ਤੰਗੀ ਦੇ ਬਾਵਜੂਦ ਪੜ੍ਹਾਈ ਅਤੇ ਖੇਡ ਦੋਵਾਂ ਨੂੰ ਬਰਾਬਰ ਤਰਜੀਹ ਦਿੱਤੀ। ਹਰਜਿੰਦਰ ਦੇ ਭਰਾ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਹਮੇਸ਼ਾ ਕਹਿੰਦੇ ਸਨ ਕਿ ਹਾਲਾਤ ਭਾਵੇਂ ਕਿੰਨੇ ਵੀ ਔਖੇ ਕਿਉਂ ਨਾ ਹੋਣ, ਸਿੱਖਿਆ ਅਤੇ ਮਿਹਨਤ ਦਾ ਰਾਹ ਕਦੇ ਨਹੀਂ ਛੱਡਣਾ ਚਾਹੀਦਾ। ਇਸੇ ਸੋਚ ਨੇ ਪਰਿਵਾਰ ਨੂੰ ਮੁਸ਼ਕਲਾਂ ਵਿੱਚ ਵੀ ਅੱਗੇ ਵਧਣ ਦੀ ਤਾਕਤ ਦਿੱਤੀ।

ਹਰਜਿੰਦਰ ਨੂੰ ਤਾਕਤ ਵਾਲੀਆਂ ਖੇਡਾਂ ਦਾ ਸ਼ੌਕ ਵੀ ਪਰਿਵਾਰ ਤੋਂ ਹੀ ਮਿਲਿਆ। ਉਸ ਦੇ ਪਿਤਾ ਸਾਹਿਬ ਸਿੰਘ ਆਪਣੇ ਜਵਾਨੀ ਦੇ ਦਿਨਾਂ ਵਿੱਚ ਪਿੰਡ ਪੱਧਰ ਦੇ ਵੇਟਲਿਫਟਿੰਗ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਰਹੇ ਹਨ। ਅੱਜ ਹਰਜਿੰਦਰ ਇਨਕਮ ਟੈਕਸ ਵਿਭਾਗ ਵਿੱਚ ਨੌਕਰੀ ਕਰ ਰਹੀ ਹੈ ਅਤੇ ਉਸ ਦਾ ਭਰਾ ਵੀ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ। ਸਾਲਾਂ ਦੇ ਸੰਘਰਸ਼ ਤੋਂ ਬਾਅਦ ਪਰਿਵਾਰ ਹੁਣ ਆਰਥਿਕ ਤੌਰ ‘ਤੇ ਮਜ਼ਬੂਤ ਹੋ ਗਿਆ ਹੈ। ਭਾਵੁਕ ਹੁੰਦਿਆਂ ਸਾਹਿਬ ਸਿੰਘ ਨੇ ਕਿਹਾ, “ਹੁਣ ਮੈਨੂੰ ਕੋਈ ਫ਼ਿਕਰ ਨਹੀਂ, ਧੀ ਨੇ ਸਾਡੀ ਸਾਰੀ ਮਿਹਨਤ ਦਾ ਮੁੱਲ ਪਾ ਦਿੱਤਾ ਹੈ।”

ਹਰਜਿੰਦਰ ਕੌਰ ਦੀ ਇਹ ਉਪਲਬਧੀ ਨਾ ਸਿਰਫ਼ ਪੰਜਾਬ ਲਈ, ਸਗੋਂ ਦੇਸ਼ ਦੇ ਹਰ ਉਸ ਪਰਿਵਾਰ ਲਈ ਪ੍ਰੇਰਣਾ ਹੈ ਜੋ ਸੀਮਤ ਸਾਧਨਾਂ ਦੇ ਬਾਵਜੂਦ ਆਪਣੇ ਬੱਚਿਆਂ ਦੇ ਸੁਪਨਿਆਂ ਨੂੰ ਉਡਾਣ ਦੇਣ ਦਾ ਹੌਸਲਾ ਰੱਖਦਾ ਹੈ।

## ਹਾਕੀ ਦੀ ਨਰਸਰੀ ਸੰਤਨਗਰ ਦਾ ਪੁੱਤ ਚਮਕਿਆ: ਰਾਜਿੰਦਰ ਸਿੰਘ ਦੀ ਹਾਕੀ ਵਿਸ਼ਵ ਕੱਪ 2026 ਲਈ ਭਾਰਤੀ ਟੀਮ ਵਿੱਚ ਐਂਟਰੀ

**ਸੰਤਨਗਰ:** ਪੰਜਾਬ ਦੇ ਹਾਕੀ ਦੀ ਨਰਸਰੀ ਵਜੋਂ ਮਸ਼ਹੂਰ ਪਿੰਡ ਸੰਤਨਗਰ ਲਈ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਪਿੰਡ ਦੇ ਹੋਣਹਾਰ ਖਿਡਾਰੀ ਰਾਜਿੰਦਰ ਸਿੰਘ ਦੀ ਹਾਕੀ ਵਿਸ਼ਵ ਕੱਪ 2026 ਲਈ ਭਾਰਤੀ ਟੀਮ ਵਿੱਚ ਚੋਣ ਹੋਈ ਹੈ। ਉਹ ਆਉਣ ਵਾਲੇ ਅਗਸਤ ਮਹੀਨੇ ਵਿੱਚ ਨੈਦਰਲੈਂਡਜ਼ ਅਤੇ ਬੈਲਜੀਅਮ ਵਿੱਚ ਹੋਣ ਵਾਲੇ ਵਿਸ਼ਵ ਕੱਪ ਦੌਰਾਨ ਭਾਰਤ ਦੀ ਨੁਮਾਇੰਦਗੀ ਕਰੇਗਾ। ਇਸ ਉਪਲਬਧੀ ਨਾਲ ਪੂਰੇ ਪਿੰਡ, ਪਰਿਵਾਰ ਅਤੇ ਖੇਡ ਪ੍ਰੇਮੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।

ਇਸ ਵੇਲੇ ਰਾਜਿੰਦਰ ਸਿੰਘ ਬੰਗਲੂਰੂ ਵਿੱਚ ਭਾਰਤੀ ਹਾਕੀ ਟੀਮ ਦੇ ਸਿਖਲਾਈ ਕੈਂਪ ਵਿੱਚ ਸ਼ਾਮਲ ਹੈ, ਜਿੱਥੇ ਉਹ ਵਿਸ਼ਵ ਕੱਪ ਲਈ ਸਖ਼ਤ ਤਿਆਰੀ ਕਰ ਰਿਹਾ ਹੈ। ਉਸ ਦੀ ਚੋਣ ਦੀ ਖ਼ਬਰ ਮਿਲਦੇ ਹੀ ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਪਿੰਡ ਵਾਸੀਆਂ ਨੇ ਵਧਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ।

ਰਾਜਿੰਦਰ ਸਿੰਘ ਦੇ ਪਿਤਾ ਸੁਖਦੇਵ ਸਿੰਘ, ਜੋ ਕਿ ਕਿੱਤੇ ਵਜੋਂ ਕਿਸਾਨ ਹਨ, ਨੇ ਦੱਸਿਆ ਕਿ ਰਾਜਿੰਦਰ ਨੂੰ ਬਚਪਨ ਤੋਂ ਹੀ ਹਾਕੀ ਨਾਲ ਬੇਹੱਦ ਲਗਾਅ ਸੀ। ਉਹ ਹਮੇਸ਼ਾ ਕਹਿੰਦਾ ਸੀ ਕਿ ਇੱਕ ਦਿਨ ਭਾਰਤ ਲਈ ਖੇਡਣਾ ਉਸ ਦਾ ਸਭ ਤੋਂ ਵੱਡਾ ਸੁਪਨਾ ਹੈ। ਅੱਜ ਉਸ ਦੀ ਭਾਰਤੀ ਟੀਮ ਵਿੱਚ ਚੋਣ ਨਾਲ ਇਹ ਸੁਪਨਾ ਸਾਕਾਰ ਹੋ ਗਿਆ ਹੈ, ਜਿਸ ‘ਤੇ ਪੂਰੇ ਪਰਿਵਾਰ ਨੂੰ ਮਾਣ ਹੈ।

ਰਾਜਿੰਦਰ ਦੇ ਕੋਚ ਹਰਵਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਸਾਲ 2009 ਵਿੱਚ ਹਾਕੀ ਖੇਡਣੀ ਸ਼ੁਰੂ ਕੀਤੀ ਸੀ। ਸ਼ੁਰੂਆਤੀ ਦਿਨਾਂ ਤੋਂ ਹੀ ਉਸ ਨੇ ਆਪਣੇ ਖੇਡ ਪ੍ਰਦਰਸ਼ਨ, ਫਿਟਨੈੱਸ ਅਤੇ ਮਿਹਨਤ ਨਾਲ ਵੱਖਰੀ ਪਛਾਣ ਬਣਾਈ। ਲਗਾਤਾਰ ਸ਼ਾਨਦਾਰ ਪ੍ਰਦਰਸ਼ਨ ਦੇ ਆਧਾਰ ‘ਤੇ ਉਸ ਦੀ ਚੋਣ ਭਾਰਤੀ ਟੀਮ ਵਿੱਚ ਕੀਤੀ ਗਈ ਹੈ।

ਹਾਕੀ ਵਿਸ਼ਵ ਕੱਪ 2026 ਦਾ ਆਯੋਜਨ 14 ਅਗਸਤ ਤੋਂ 30 ਅਗਸਤ ਤੱਕ ਨੈਦਰਲੈਂਡਜ਼ ਅਤੇ ਬੈਲਜੀਅਮ ਵਿੱਚ ਹੋਵੇਗਾ। ਰਾਜਿੰਦਰ ਸਿੰਘ ਇਸ ਟੂਰਨਾਮੈਂਟ ਵਿੱਚ ਮਿਡਫੀਲਡਰ ਦੀ ਭੂਮਿਕਾ ਨਿਭਾਏਗਾ, ਜੋ ਟੀਮ ਲਈ ਬਹੁਤ ਮਹੱਤਵਪੂਰਨ ਮੰਨੀ ਜਾਂਦੀ ਹੈ।

24 ਸਾਲਾ ਰਾਜਿੰਦਰ ਸਿੰਘ ਪਹਿਲਾਂ ਵੀ ਕਈ ਵੱਡੇ ਟੂਰਨਾਮੈਂਟਾਂ ਵਿੱਚ ਆਪਣੀ ਪ੍ਰਤਿਭਾ ਦਾ ਲੋਹਾ ਮਨਵਾ ਚੁੱਕਾ ਹੈ। ਉਹ ਏਸ਼ੀਆ ਕੱਪ ਵਿੱਚ ਭਾਰਤ ਦੀ ਨੁਮਾਇੰਦਗੀ ਕਰ ਚੁੱਕਾ ਹੈ। ਇਸ ਤੋਂ ਇਲਾਵਾ




ਉਹ ਹਾਕੀ ਲੀਗ ਵਿੱਚ ਤੂਫ਼ਾਨ ਟੀਮ (ਹੈਦਰਾਬਾਦ) ਲਈ ਵੀ ਖੇਡਿਆ ਹੈ ਅਤੇ ਤਿੰਨ ਤੋਂ ਚਾਰ ਕੌਮੀ ਪੱਧਰ ਦੇ ਟੂਰਨਾਮੈਂਟਾਂ ਵਿੱਚ ਵੀ ਆਪਣਾ ਸ਼ਾਨਦਾਰ ਪ੍ਰਦਰਸ਼ਨ ਕਰ ਚੁੱਕਾ ਹੈ।

ਰਾਜਿੰਦਰ ਦੀ ਮਾਤਾ ਅਮਨਦੀਪ ਕੌਰ, ਜੋ ਘਰੇਲੂ ਮਹਿਲਾ ਹਨ, ਨੇ ਕਿਹਾ ਕਿ ਪੁੱਤਰ ਦੀ ਸਫ਼ਲਤਾ ਪਰਿਵਾਰ ਲਈ ਸਭ ਤੋਂ ਵੱਡਾ ਮਾਣ ਹੈ। ਉਨ੍ਹਾਂ ਕਿਹਾ ਕਿ ਰਾਜਿੰਦਰ ਨੇ ਆਪਣੀ ਮਿਹਨਤ, ਅਨੁਸ਼ਾਸਨ ਅਤੇ ਲਗਨ ਨਾਲ ਇਹ ਮੁਕਾਮ ਹਾਸਲ ਕੀਤਾ ਹੈ ਅਤੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਵਿਸ਼ਵ ਕੱਪ ਵਿੱਚ ਵੀ ਭਾਰਤ ਦਾ ਨਾਂ ਰੌਸ਼ਨ ਕਰੇਗਾ।

ਸੰਤਨਗਰ ਪਿੰਡ ਲੰਬੇ ਸਮੇਂ ਤੋਂ ਹਾਕੀ ਦੇ ਕਈ ਨਾਮਵਰ ਖਿਡਾਰੀ ਦੇਸ਼ ਨੂੰ ਦੇ ਚੁੱਕਾ ਹੈ। ਹੁਣ ਰਾਜਿੰਦਰ ਸਿੰਘ ਦੀ ਭਾਰਤੀ ਟੀਮ ਵਿੱਚ ਚੋਣ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਇਹ ਧਰਤੀ ਅੱਜ ਵੀ ਹਾਕੀ ਦੀਆਂ ਨਵੀਆਂ ਪ੍ਰਤਿਭਾਵਾਂ ਨੂੰ ਜਨਮ ਦੇ ਰਹੀ ਹੈ। ਪਿੰਡ ਦੇ ਨੌਜਵਾਨਾਂ ਲਈ ਵੀ ਰਾਜਿੰਦਰ ਦੀ ਇਹ ਉਪਲਬਧੀ ਇੱਕ ਵੱਡੀ ਪ੍ਰੇਰਣਾ ਬਣ ਕੇ ਸਾਹਮਣੇ ਆਈ ਹੈ।

ਹੁਣ ਸਭ ਦੀਆਂ ਨਜ਼ਰਾਂ ਅਗਸਤ ਵਿੱਚ ਹੋਣ ਵਾਲੇ ਹਾਕੀ ਵਿਸ਼ਵ ਕੱਪ ‘ਤੇ ਟਿਕੀਆਂ ਹਨ, ਜਿੱਥੇ ਪੰਜਾਬ ਦਾ ਇਹ ਹੋਣਹਾਰ ਮਿਡਫੀਲਡਰ ਭਾਰਤੀ ਤਿਰੰਗੇ ਦੀ ਸ਼ਾਨ ਵਧਾਉਣ ਲਈ ਮੈਦਾਨ ਵਿੱਚ ਉਤਰੇਗਾ।

## ਸਬਜ਼ੀ ਮੰਡੀ ਤੋਂ ਕਾਮਨਵੈਲਥ ਤੱਕ ਦਾ ਸਫ਼ਰ: ਪੰਜਾਬ ਦੇ ਲਵਪ੍ਰੀਤ ਸਿੰਘ ਨੇ ਚਾਂਦੀ ਜਿੱਤ ਕੇ ਰਚਿਆ ਇਤਿਹਾਸ



ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਬੱਲ ਸਚੰਦਰ ਦੇ ਰਹਿਣ ਵਾਲੇ ਵੇਟਲਿਫਟਰ ਲਵਪ੍ਰੀਤ ਸਿੰਘ ਨੇ 2026 ਦੀਆਂ ਕਾਮਨਵੈਲਥ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮਰਦਾਂ ਦੇ 110+ ਕਿਲੋਗ੍ਰਾਮ ਵਰਗ ਵਿੱਚ ਚਾਂਦੀ ਦਾ ਤਗ਼ਮਾ ਆਪਣੇ ਨਾਮ ਕਰ ਲਿਆ ਹੈ। ਇੱਕ ਦਰਜ਼ੀ ਦੇ ਪੁੱਤਰ ਲਵਪ੍ਰੀਤ ਨੇ ਆਪਣੀ ਸਖ਼ਤ ਮਿਹਨਤ ਅਤੇ ਸੰਘਰਸ਼ ਦੇ ਦਮ ’ਤੇ ਨਾ ਸਿਰਫ਼ ਪੰਜਾਬ, ਸਗੋਂ ਪੂਰੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ।

ਲਵਪ੍ਰੀਤ ਸਿੰਘ ਨੇ ਮੁਕਾਬਲੇ ਦੌਰਾਨ ਕੁੱਲ 388 ਕਿਲੋਗ੍ਰਾਮ ਭਾਰ ਚੁੱਕਿਆ। ਉਸ ਨੇ ਸਨੈਚ ਵਿੱਚ 176 ਕਿਲੋਗ੍ਰਾਮ ਅਤੇ ਕਲੀਨ ਐਂਡ ਜਰਕ ਵਿੱਚ 212 ਕਿਲੋਗ੍ਰਾਮ ਭਾਰ ਉਠਾ ਕੇ ਚਾਂਦੀ ਦਾ ਤਗ਼ਮਾ ਜਿੱਤਿਆ। ਇਹ ਉਪਲਬਧੀ ਉਸ ਲਈ ਹੋਰ ਵੀ ਖ਼ਾਸ ਹੈ ਕਿਉਂਕਿ ਇਸ ਤੋਂ ਪਹਿਲਾਂ 2022 ਦੀਆਂ ਕਾਮਨਵੈਲਥ ਖੇਡਾਂ ਵਿੱਚ ਉਸ ਨੇ ਕਾਂਸੀ ਦਾ ਤਗ਼ਮਾ ਜਿੱਤਿਆ ਸੀ।

ਲਵਪ੍ਰੀਤ ਦਾ ਇਹ ਸਫ਼ਰ ਕਿਸੇ ਫ਼ਿਲਮੀ ਕਹਾਣੀ ਤੋਂ ਘੱਟ ਨਹੀਂ। ਇੱਕ ਸਧਾਰਨ ਪਰਿਵਾਰ ਵਿੱਚ ਜਨਮੇ ਲਵਪ੍ਰੀਤ ਦੇ ਦਾਦਾ ਗੁਰਮੇਜ ਸਿੰਘ ਅਤੇ ਚਾਚਾ ਸਬਜ਼ੀਆਂ ਵੇਚ ਕੇ ਘਰ ਦਾ ਗੁਜ਼ਾਰਾ ਕਰਦੇ ਸਨ। ਲਵਪ੍ਰੀਤ ਹਰ ਰੋਜ਼ ਸਵੇਰੇ ਪੰਜ ਵਜੇ ਉੱਠ ਕੇ ਸਬਜ਼ੀ ਮੰਡੀ ਵਿੱਚ ਸਬਜ਼ੀਆਂ ਉਤਾਰਨ ਵਿੱਚ ਆਪਣੇ ਪਰਿਵਾਰ ਦੀ ਮਦਦ ਕਰਦਾ ਸੀ ਅਤੇ ਉਸ ਤੋਂ ਬਾਅਦ ਅਭਿਆਸ ਲਈ ਜਾਂਦਾ ਸੀ।

ਅੱਠਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਲਵਪ੍ਰੀਤ ਨੇ ਵੇਟਲਿਫਟਿੰਗ ਦੀ ਦੁਨੀਆ ਵਿੱਚ ਕਦਮ ਰੱਖਿਆ ਸੀ। ਆਪਣੇ ਪਿੰਡ ਦੇ ਖਿਡਾਰੀਆਂ ਤੋਂ ਪ੍ਰੇਰਿਤ ਹੋ ਕੇ ਉਸ ਨੇ ਵੀ ਦੇਸ਼ ਲਈ ਤਗ਼ਮੇ ਜਿੱਤਣ ਦਾ ਸੁਪਨਾ ਦੇਖਿਆ। ਉਸ ਦੇ ਜੀਵਨ ਵਿੱਚ ਵੱਡਾ ਮੋੜ ਉਸ ਵੇਲੇ ਆਇਆ ਜਦੋਂ ਪਿੰਡ ਦੇ ਇੱਕ ਹੋਰ ਨੌਜਵਾਨ ਨੇ ਰਾਜ ਪੱਧਰ ’ਤੇ ਚਾਂਦੀ ਦਾ ਤਗ਼ਮਾ ਜਿੱਤਿਆ। ਉਸ ਸਫ਼ਲਤਾ ਨੇ ਲਵਪ੍ਰੀਤ ਅਤੇ ਉਸ ਦੇ ਪਰਿਵਾਰ ਨੂੰ ਨਵੀਂ ਪ੍ਰੇਰਣਾ ਦਿੱਤੀ।

ਲਵਪ੍ਰੀਤ ਦੇ ਪਿਤਾ ਕ੍ਰਿਪਾਲ ਸਿੰਘ, ਜੋ ਪੇਸ਼ੇ ਤੋਂ ਦਰਜ਼ੀ ਹਨ, ਨੇ ਦੱਸਿਆ ਕਿ ਜਦੋਂ ਪਿੰਡ ਦੇ ਨੌਜਵਾਨ ਦੀ ਜਿੱਤ ਦਾ ਜਸ਼ਨ ਮਨਾਇਆ ਗਿਆ ਤਾਂ ਉਨ੍ਹਾਂ ਨੇ ਵੀ ਆਪਣੇ ਪੁੱਤਰ ਨੂੰ ਖੇਡਾਂ ਵਿੱਚ ਅੱਗੇ ਵਧਾਉਣ ਦਾ ਫ਼ੈਸਲਾ ਕੀਤਾ। ਉਨ੍ਹਾਂ ਕਿਹਾ ਕਿ ਲਵਪ੍ਰੀਤ ਸ਼ੁਰੂ ਤੋਂ ਹੀ ਖੇਡਾਂ ਪ੍ਰਤੀ ਬਹੁਤ ਉਤਸ਼ਾਹੀ ਸੀ ਅਤੇ ਉਸ ਨੇ ਆਪਣੀ ਮਿਹਨਤ ਨਾਲ ਇਹ ਮੁਕਾਮ ਹਾਸਲ ਕੀਤਾ ਹੈ।

ਨੌਵੀਂ ਜਮਾਤ ਵਿੱਚ ਲਵਪ੍ਰੀਤ ਨੇ ਆਪਣਾ ਪਹਿਲਾ ਰਾਜ ਪੱਧਰੀ ਤਗ਼ਮਾ ਜਿੱਤਿਆ, ਜਿਸ ਨਾਲ ਉਸ ਦਾ ਹੌਸਲਾ ਹੋਰ ਵਧਿਆ। ਅਭਿਆਸ ਲਈ ਉਸ ਨੂੰ ਹਰ ਰੋਜ਼ ਘਰ ਤੋਂ ਕਾਫ਼ੀ ਦੂਰ ਜਾਣਾ ਪੈਂਦਾ ਸੀ। ਉਸ ਦੇ ਪਿਤਾ ਸਾਈਕਲ ’ਤੇ ਉਸ ਨੂੰ ਬੱਸ ਅੱਡੇ ਤੱਕ ਛੱਡਣ ਜਾਂਦੇ ਸਨ, ਜਿੱਥੋਂ ਉਹ ਆਟੋ ਰਾਹੀਂ ਸਿਖਲਾਈ ਕੇਂਦਰ ਤੱਕ ਪਹੁੰਚਦਾ ਸੀ।

ਆਪਣੇ ਪੁੱਤਰ ਦੀ ਇਸ ਵੱਡੀ ਉਪਲਬਧੀ ’ਤੇ ਭਾਵੁਕ ਹੋਏ ਕ੍ਰਿਪਾਲ ਸਿੰਘ ਨੇ ਕਿਹਾ ਕਿ ਪਹਿਲਾਂ ਕਾਂਸੀ ਅਤੇ ਹੁਣ ਚਾਂਦੀ ਦਾ ਤਗ਼ਮਾ ਜਿੱਤਣਾ ਉਨ੍ਹਾਂ ਲਈ ਸੁਪਨੇ ਦੇ ਸੱਚ ਹੋਣ ਵਰਗਾ ਹੈ। ਉਨ੍ਹਾਂ ਕਿਹਾ ਕਿ ਇਹ ਸਭ ਰੱਬ ਦੀ ਮੇਹਰ ਅਤੇ ਲਵਪ੍ਰੀਤ ਦੀ ਸਾਲਾਂ ਦੀ ਮਿਹਨਤ ਦਾ ਨਤੀਜਾ ਹੈ।

ਲਵਪ੍ਰੀਤ ਸਿੰਘ ਦੀ ਇਹ ਕਾਮਯਾਬੀ ਸਾਬਤ ਕਰਦੀ ਹੈ ਕਿ ਜੇਕਰ ਹੌਸਲੇ ਬੁਲੰਦ ਹੋਣ ਤਾਂ ਮੰਜ਼ਿਲ ਕਿੰਨੀ ਵੀ ਦੂਰ ਕਿਉਂ ਨਾ ਹੋਵੇ, ਉਸ ਨੂੰ ਹਾਸਲ ਕੀਤਾ ਜਾ ਸਕਦਾ ਹੈ। ਪੰਜਾਬ ਦੇ ਇਸ ਪੁੱਤਰ ਨੇ ਆਪਣੇ ਸੰਘਰਸ਼ ਅਤੇ ਮਿਹਨਤ ਨਾਲ ਲੱਖਾਂ ਨੌਜਵਾਨਾਂ ਲਈ ਇੱਕ ਨਵੀਂ ਮਿਸਾਲ ਕਾਇਮ ਕੀਤੀ ਹੈ।

## ਨੀਰਜ ਚੋਪੜਾ ਸਮੇਤ ਤਿੰਨੋਂ ਭਾਰਤੀ ਨੇਜਾਬਾਜ਼ ਫਾਈਨਲ ਵਿੱਚ, ਮੁਸ਼ਕਲ ਮੌਸਮ ਦੇ ਬਾਵਜੂਦ ਬਣਾਈ ਥਾਂ



ਰਾਸ਼ਟਰਮੰਡਲ ਖੇਡਾਂ ਦੇ ਪੁਰਸ਼ਾਂ ਦੇ ਨੇਜਾਬਾਜ਼ੀ ਮੁਕਾਬਲੇ ਵਿੱਚ ਭਾਰਤ ਲਈ ਚੰਗੀ ਖ਼ਬਰ ਸਾਹਮਣੇ ਆਈ ਹੈ। ਓਲੰਪਿਕ ਸੋਨ ਤਗ਼ਮਾ ਜੇਤੂ ਨੀਰਜ ਚੋਪੜਾ, ਰੋਹਿਤ ਯਾਦਵ ਅਤੇ ਯਸ਼ਵੀਰ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ। ਹਾਲਾਂਕਿ, ਮੈਦਾਨ ਵਿੱਚ ਚੱਲ ਰਹੀਆਂ ਤੇਜ਼ ਅਤੇ ਬਦਲਦੀਆਂ ਹਵਾਵਾਂ ਕਾਰਨ ਕੋਈ ਵੀ ਖਿਡਾਰੀ ਨਿਰਧਾਰਤ ਆਟੋਮੈਟਿਕ ਕੁਆਲੀਫਾਇੰਗ ਮਾਰਕ ਹਾਸਲ ਨਹੀਂ ਕਰ ਸਕਿਆ।

ਮੌਸਮ ਦੀਆਂ ਚੁਣੌਤੀਆਂ ਦੇ ਬਾਵਜੂਦ ਤਿੰਨੋਂ ਭਾਰਤੀ ਖਿਡਾਰੀਆਂ ਨੇ ਚੋਟੀ ਦੇ 12 ਵਿੱਚ ਆਪਣੀ ਜਗ੍ਹਾ ਬਣਾਈ ਅਤੇ ਫਾਈਨਲ ਲਈ ਕੁਆਲੀਫਾਈ ਕੀਤਾ। ਇਸ ਤਰ੍ਹਾਂ ਭਾਰਤ ਦੀ ਪੂਰੀ ਟੀਮ ਹੁਣ ਤਗ਼ਮੇ ਦੀ ਦੌੜ ਵਿੱਚ ਸ਼ਾਮਲ ਰਹੇਗੀ।

ਸਾਲ 2018 ਵਿੱਚ ਰਾਸ਼ਟਰਮੰਡਲ ਖੇਡਾਂ ਦਾ ਸੋਨ ਤਗ਼ਮਾ ਜਿੱਤਣ ਵਾਲੇ ਨੀਰਜ ਚੋਪੜਾ ਨੇ 79.61 ਮੀਟਰ ਦੀ ਸਰਵੋਤਮ ਥਰੋਅ ਨਾਲ ਕੁਆਲੀਫਾਇੰਗ ਗੇੜ ਵਿੱਚ ਪੰਜਵਾਂ ਸਥਾਨ ਹਾਸਲ ਕੀਤਾ। ਨੀਰਜ ਨੇ ਆਪਣੀਆਂ ਪਹਿਲੀਆਂ ਦੋ ਕੋਸ਼ਿਸ਼ਾਂ ਵਿੱਚ ਹੀ ਫਾਈਨਲ ਵਿੱਚ ਥਾਂ ਬਣਾਉਣ ਲਈ ਲੋੜੀਂਦਾ ਪ੍ਰਦਰਸ਼ਨ ਕਰ ਦਿੱਤਾ ਸੀ, ਜਿਸ ਕਾਰਨ ਉਨ੍ਹਾਂ ਨੇ ਆਪਣੀ ਤੀਜੀ ਅਤੇ ਆਖ਼ਰੀ ਕੋਸ਼ਿਸ਼ ਨਹੀਂ ਕੀਤੀ।

ਭਾਰਤ ਦੇ ਰੋਹਿਤ ਯਾਦਵ ਨੇ 78.37 ਮੀਟਰ ਦੀ ਥਰੋਅ ਨਾਲ ਨੌਵਾਂ ਸਥਾਨ ਹਾਸਲ ਕੀਤਾ, ਜਦਕਿ ਯਸ਼ਵੀਰ ਸਿੰਘ ਨੇ 78.36 ਮੀਟਰ ਦੀ ਕੋਸ਼ਿਸ਼ ਨਾਲ ਦਸਵੇਂ ਸਥਾਨ ’ਤੇ ਰਹਿੰਦਿਆਂ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਦੋਵਾਂ ਖਿਡਾਰੀਆਂ ਦਾ ਪ੍ਰਦਰਸ਼ਨ ਬਹੁਤ ਕਰੀਬ ਰਿਹਾ ਅਤੇ ਉਨ੍ਹਾਂ ਨੇ ਦਬਾਅ ਦੇ ਬਾਵਜੂਦ ਸ਼ਾਨਦਾਰ ਖੇਡ ਦਿਖਾਈ।

ਮੁਕਾਬਲੇ ਦੌਰਾਨ ਸਿਰਫ਼ ਚਾਰ ਖਿਡਾਰੀ ਹੀ 80 ਮੀਟਰ ਦੇ ਅੰਕੜੇ ਨੂੰ ਪਾਰ ਕਰ ਸਕੇ। ਕੁਆਲੀਫਾਇੰਗ ਗੇੜ ਵਿੱਚ ਸ੍ਰੀਲੰਕਾ ਦੇ ਰਮੇਸ਼ ਥਰੰਗਾ ਪਾਤੀਰਾਗੇ ਨੇ ਸਭ ਤੋਂ ਵਧੀਆ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਪਹਿਲੇ ਹੀ ਯਤਨ ਵਿੱਚ 82.84 ਮੀਟਰ ਦੀ ਥਰੋਅ ਕਰਕੇ ਪਹਿਲਾ ਸਥਾਨ ਹਾਸਲ ਕੀਤਾ।

ਦੋਹਾ ਅਤੇ ਰੋਮ ਡਾਇਮੰਡ ਲੀਗ ਮੀਟਿੰਗਾਂ ਦੇ ਜੇਤੂ ਰਹੇ ਪਾਤੀਰਾਗੇ ਨੇ ਆਪਣੇ ਪ੍ਰਦਰਸ਼ਨ ਨਾਲ ਸਪੱਸ਼ਟ ਕਰ ਦਿੱਤਾ ਹੈ ਕਿ ਫਾਈਨਲ ਮੁਕਾਬਲਾ ਕਾਫ਼ੀ ਦਿਲਚਸਪ ਅਤੇ ਸਖ਼ਤ ਹੋਣ ਵਾਲਾ ਹੈ। ਹੁਣ ਭਾਰਤੀ ਪ੍ਰਸ਼ੰਸਕਾਂ ਦੀਆਂ ਨਜ਼ਰਾਂ ਨੀਰਜ ਚੋਪੜਾ ਅਤੇ ਉਨ੍ਹਾਂ ਦੇ ਸਾਥੀਆਂ ’ਤੇ ਟਿਕੀਆਂ ਹੋਈਆਂ ਹਨ, ਜਿਨ੍ਹਾਂ ਤੋਂ ਤਗ਼ਮੇ ਦੀ ਉਮੀਦ ਕੀਤੀ ਜਾ ਰਹੀ ਹੈ।

ਫਾਈਨਲ ਵਿੱਚ ਤਿੰਨੋਂ ਭਾਰਤੀ ਖਿਡਾਰੀਆਂ ਦੀ ਮੌਜੂਦਗੀ ਭਾਰਤ ਲਈ ਵੱਡੀ ਉਪਲਬਧੀ ਮੰਨੀ ਜਾ ਰਹੀ ਹੈ ਅਤੇ ਖੇਡ ਪ੍ਰੇਮੀ ਉਮੀਦ ਕਰ ਰਹੇ ਹਨ ਕਿ ਭਾਰਤ ਇੱਕ ਵਾਰ ਫਿਰ ਨੇਜਾਬਾਜ਼ੀ ਵਿੱਚ

## ਰਾਸ਼ਟਰਮੰਡਲ ਖੇਡਾਂ ‘ਚ ਭਾਰਤ ਦੀਆਂ ਤਗ਼ਮੇ ਦੀਆਂ ਆਸਾਂ ਬਰਕਰਾਰ, ਤੇਜਿੰਦਰਪਾਲ ਤੂਰ ਅਤੇ ਸਮਰਦੀਪ ਗਿੱਲ ਸ਼ਾਟਪੁੱਟ ਫਾਈਨਲ ਵਿੱਚ ਪਹੁੰਚੇ

ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤੀ ਐਥਲੈਟਿਕਸ ਦਲ ਲਈ ਖੁਸ਼ਖ਼ਬਰੀ ਸਾਹਮਣੇ ਆਈ ਹੈ। ਭਾਰਤ ਦੇ ਸਟਾਰ ਸ਼ਾਟਪੁੱਟ ਖਿਡਾਰੀ ਤੇਜਿੰਦਰਪਾਲ ਸਿੰਘ ਤੂਰ ਅਤੇ ਸਮਰਦੀਪ ਸਿੰਘ ਗਿੱਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੁਰਸ਼ਾਂ ਦੇ ਸ਼ਾਟਪੁੱਟ ਮੁਕਾਬਲੇ ਦੇ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ। ਦੋਵੇਂ ਖਿਡਾਰੀਆਂ ਦੀ ਇਸ ਕਾਮਯਾਬੀ ਨਾਲ ਭਾਰਤ ਲਈ ਤਗ਼ਮੇ ਦੀਆਂ ਉਮੀਦਾਂ ਹੋਰ ਮਜ਼ਬੂਤ ਹੋ ਗਈਆਂ ਹਨ।



ਕੌਮੀ ਰਿਕਾਰਡ ਆਪਣੇ ਨਾਂ ਕਰਨ ਵਾਲੇ ਤੇਜਿੰਦਰਪਾਲ ਸਿੰਘ ਤੂਰ ਨੇ ਕੁਆਲੀਫਾਇੰਗ ਰਾਊਂਡ ਦੇ ਗਰੁੱਪ ‘ਏ’ ਵਿੱਚ ਹਿੱਸਾ ਲਿਆ। ਫਾਈਨਲ ਵਿੱਚ ਸਿੱਧੀ ਐਂਟਰੀ ਲਈ 20 ਮੀਟਰ ਦਾ ਅੰਕੜਾ ਪਾਰ ਕਰਨਾ ਲਾਜ਼ਮੀ ਸੀ। ਤੂਰ ਨੇ ਆਪਣੀ ਪਹਿਲੀ ਕੋਸ਼ਿਸ਼ ਵਿੱਚ 19.93 ਮੀਟਰ ਦੀ ਥ੍ਰੋਅ ਕੀਤੀ, ਜੋ ਨਿਰਧਾਰਿਤ ਮਾਪ ਤੋਂ ਥੋੜ੍ਹੀ ਘੱਟ ਰਹੀ। ਹਾਲਾਂਕਿ, ਉਸ ਨੇ ਦੂਜੀ ਕੋਸ਼ਿਸ਼ ਵਿੱਚ ਸ਼ਾਨਦਾਰ ਵਾਪਸੀ ਕਰਦਿਆਂ 20.14 ਮੀਟਰ ਦੀ ਥ੍ਰੋਅ ਨਾਲ ਕੁਆਲੀਫਾਇੰਗ ਮਾਪਦੰਡ ਪੂਰਾ ਕਰ ਲਿਆ ਅਤੇ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ।

ਦੂਜੇ ਪਾਸੇ, ਗਰੁੱਪ ‘ਬੀ’ ਵਿੱਚ ਮੁਕਾਬਲਾ ਕਰ ਰਹੇ ਸਮਰਦੀਪ ਸਿੰਘ ਗਿੱਲ ਨੇ ਵੀ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਉਸ ਦੀ ਪਹਿਲੀ ਥ੍ਰੋਅ 19.95 ਮੀਟਰ ਰਹੀ, ਜੋ ਉਸ ਦੇ ਦਿਨ ਦੀ ਸਭ ਤੋਂ ਵਧੀਆ ਕੋਸ਼ਿਸ਼ ਸਾਬਤ ਹੋਈ। ਗਿੱਲ ਨੇ ਆਪਣੀ ਦੂਜੀ ਕੋਸ਼ਿਸ਼ ਵਿੱਚ 19.75 ਮੀਟਰ ਦਾ ਦੂਰੀ ਤੈਅ ਕੀਤੀ, ਜਦਕਿ ਤੀਜੀ ਕੋਸ਼ਿਸ਼ ਫਾਊਲ ਰਹੀ।


ਦੋਵਾਂ ਗਰੁੱਪਾਂ ਵਿੱਚ ਕੁੱਲ 15 ਖਿਡਾਰੀਆਂ ਨੇ ਹਿੱਸਾ ਲਿਆ ਸੀ ਅਤੇ ਸਮਰਦੀਪ ਸਿੰਘ ਗਿੱਲ ਸਮੁੱਚੇ ਤੌਰ ‘ਤੇ ਪੰਜਵੇਂ ਸਥਾਨ ‘ਤੇ ਰਹੇ। ਉਸ ਦੀ ਲਗਾਤਾਰ ਚੰਗੀ ਫਾਰਮ ਨੂੰ ਵੇਖਦਿਆਂ ਫਾਈਨਲ ਵਿੱਚ ਉਸ ਤੋਂ ਵੀ ਤਗ਼ਮੇ ਦੀ ਉਮੀਦ ਕੀਤੀ ਜਾ ਰਹੀ ਹੈ।

ਤੇਜਿੰਦਰਪਾਲ ਸਿੰਘ ਤੂਰ ਪਹਿਲਾਂ ਵੀ ਅੰਤਰਰਾਸ਼ਟਰੀ ਮੰਚ ‘ਤੇ ਭਾਰਤ ਲਈ ਕਈ ਵੱਡੀਆਂ ਕਾਮਯਾਬੀਆਂ ਹਾਸਲ ਕਰ ਚੁੱਕੇ ਹਨ ਅਤੇ ਹੁਣ ਇੱਕ ਵਾਰ ਫਿਰ ਉਨ੍ਹਾਂ ਤੋਂ ਸੋਨ ਤਗ਼ਮੇ ਦੀ ਆਸ ਜਤਾਈ ਜਾ ਰਹੀ ਹੈ। ਇਸੇ ਤਰ੍ਹਾਂ ਸਮਰਦੀਪ ਸਿੰਘ ਗਿੱਲ ਵੀ ਆਪਣੇ ਪਹਿਲੇ ਵੱਡੇ ਅੰਤਰਰਾਸ਼ਟਰੀ ਤਗ਼ਮੇ ਲਈ ਪੂਰੀ ਤਿਆਰੀ ਨਾਲ ਮੈਦਾਨ ਵਿੱਚ ਉਤਰਣਗੇ।

ਭਾਰਤੀ ਖੇਡ ਪ੍ਰੇਮੀਆਂ ਦੀਆਂ ਨਜ਼ਰਾਂ ਹੁਣ ਸ਼ਾਟਪੁੱਟ ਦੇ ਫਾਈਨਲ ਮੁਕਾਬਲੇ ‘ਤੇ ਟਿਕੀਆਂ ਹੋਈਆਂ ਹਨ, ਜਿੱਥੇ ਦੋਵੇਂ ਪੰਜਾਬੀ ਖਿਡਾਰੀ ਦੇਸ਼ ਲਈ ਤਗ਼ਮਾ ਜਿੱਤਣ ਦੀ ਕੋਸ਼ਿਸ਼ ਕਰਨਗੇ।

## ਗੁਲਵੀਰ ਸਿੰਘ ਨੇ ਰਚਿਆ ਇਤਿਹਾਸ, ਰਾਸ਼ਟਰਮੰਡਲ ਖੇਡਾਂ ਦੀ 10,000 ਮੀਟਰ ਦੌੜ ਵਿੱਚ ਜਿੱਤਿਆ ਚਾਂਦੀ ਦਾ ਤਗ਼ਮਾ

**ਨਵੀਂ ਦਿੱਲੀ**-ਭਾਰਤ ਦੇ ਉਭਰਦੇ ਸਟਾਰ ਦੌੜਾਕ ਗੁਲਵੀਰ ਸਿੰਘ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੁਰਸ਼ਾਂ ਦੀ 10,000 ਮੀਟਰ ਦੌੜ ਵਿੱਚ ਚਾਂਦੀ ਦਾ ਤਗ਼ਮਾ ਆਪਣੇ ਨਾਂ ਕਰ ਲਿਆ ਹੈ। ਇਸ ਇਤਿਹਾਸਕ ਪ੍ਰਾਪਤੀ ਨਾਲ ਗੁਲਵੀਰ ਸਿੰਘ ਇਸ ਮੁਕਾਬਲੇ ਵਿੱਚ ਪੋਡੀਅਮ ਤੱਕ ਪਹੁੰਚਣ ਵਾਲੇ ਪਹਿਲੇ ਭਾਰਤੀ ਅਥਲੀਟ ਬਣ ਗਏ ਹਨ।



ਏਸ਼ਿਆਈ ਖੇਡਾਂ ਦੇ ਕਾਂਸੀ ਤਗ਼ਮਾ ਜੇਤੂ ਗੁਲਵੀਰ ਨੇ ਮੁਸ਼ਕਲ ਹਾਲਾਤਾਂ ਦੇ ਬਾਵਜੂਦ ਬੇਮਿਸਾਲ ਹਿੰਮਤ ਅਤੇ ਧੀਰਜ ਦਾ ਪ੍ਰਦਰਸ਼ਨ ਕੀਤਾ। ਮੁਕਾਬਲੇ ਦੌਰਾਨ ਲਗਾਤਾਰ ਮੀਂਹ ਪੈ ਰਿਹਾ ਸੀ ਅਤੇ ਟਰੈਕ ਵੀ ਪਾਣੀ ਨਾਲ ਭਰਿਆ ਹੋਇਆ ਸੀ, ਪਰ ਭਾਰਤੀ ਦੌੜਾਕ ਨੇ ਆਪਣੀ ਰਫ਼ਤਾਰ ਅਤੇ ਰਣਨੀਤੀ ਨਾਲ ਸਭ ਦਾ ਧਿਆਨ ਆਪਣੇ ਵੱਲ ਖਿੱਚ ਲਿਆ।

ਗੁਲਵੀਰ ਸਿੰਘ ਨੇ ਪੂਰੀ ਦੌੜ ਦੌਰਾਨ ਮੋਹਰੀ ਖਿਡਾਰੀਆਂ ਦੇ ਨਾਲ ਆਪਣੀ ਪਕੜ ਬਣਾਈ ਰੱਖੀ। ਆਖ਼ਰੀ ਗੇੜਾਂ ਵਿੱਚ ਉਸ ਨੇ ਰਫ਼ਤਾਰ ਹੋਰ ਤੇਜ਼ ਕਰਦਿਆਂ ਤਗ਼ਮੇ ਦੀ ਦੌੜ ਵਿੱਚ ਮਜ਼ਬੂਤ ਦਾਅਵੇਦਾਰੀ ਪੇਸ਼ ਕੀਤੀ। ਉਸ ਨੇ 27 ਮਿੰਟ 49.78 ਸਕਿੰਟ ਦਾ ਸਮਾਂ ਕੱਢ ਕੇ ਚਾਂਦੀ ਦਾ ਤਗ਼ਮਾ ਆਪਣੇ ਨਾਂ ਕੀਤਾ।

ਸੋਨ ਤਗ਼ਮਾ ਆਸਟਰੇਲੀਆ ਦੇ ਕੀ ਰੌਬਿਨਸਨ ਨੇ 27 ਮਿੰਟ 48.93 ਸਕਿੰਟ ਦੇ ਸਮੇਂ ਨਾਲ ਜਿੱਤਿਆ। ਗੁਲਵੀਰ ਸਿੰਘ ਸਿਰਫ਼ 0.85 ਸਕਿੰਟ ਦੇ ਫ਼ਰਕ ਨਾਲ ਸੋਨ ਤਗ਼ਮੇ ਤੋਂ ਖੁੰਝ ਗਏ, ਪਰ ਉਨ੍ਹਾਂ ਦੀ ਇਹ ਪ੍ਰਾਪਤੀ ਭਾਰਤੀ ਐਥਲੈਟਿਕਸ ਲਈ ਇੱਕ ਨਵਾਂ ਇਤਿਹਾਸ ਬਣ ਗਈ ਹੈ।

ਗੁਲਵੀਰ ਨੇ ਆਪਣੀ ਸ਼ਾਨਦਾਰ ਦੌੜ ਦੌਰਾਨ ਕਈ ਮਸ਼ਹੂਰ ਅਤੇ ਤਜਰਬੇਕਾਰ ਅਥਲੀਟਾਂ ਨੂੰ ਪਿੱਛੇ ਛੱਡਿਆ। ਉਨ੍ਹਾਂ ਦੇ ਇਸ ਪ੍ਰਦਰਸ਼ਨ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਹੁਣ ਲੰਮੀ ਦੂਰੀ ਦੀਆਂ ਦੌੜਾਂ ਵਿੱਚ ਵੀ ਵਿਸ਼ਵ ਪੱਧਰ ‘ਤੇ ਆਪਣੀ ਮਜ਼ਬੂਤ ਮੌਜੂਦਗੀ ਦਰਜ ਕਰਵਾ ਰਿਹਾ ਹੈ।

ਇਸ ਦੇ ਨਾਲ ਹੀ ਭਾਰਤ ਲਈ ਇੱਕ ਹੋਰ ਚੰਗੀ ਖ਼ਬਰ ਇਹ ਰਹੀ ਕਿ ਕੌਮੀ ਰਿਕਾਰਡ ਧਾਰਕ ਵਿਸ਼ਾਲ ਟੀ. ਕੇ. ਨੇ ਪੁਰਸ਼ਾਂ ਦੀ 400 ਮੀਟਰ ਦੌੜ ਦੇ ਕੁਆਲੀਫਾਇੰਗ ਰਾਊਂਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੈਮੀਫਾਈਨਲ ਵਿੱਚ ਜਗ੍ਹਾ ਬਣਾ ਲਈ ਹੈ। ਉਨ੍ਹਾਂ ਦੇ ਅਗਲੇ ਦੌਰ ਵਿੱਚ ਪਹੁੰਚਣ ਨਾਲ ਭਾਰਤ ਦੀਆਂ ਤਗ਼ਮੇ ਦੀਆਂ ਉਮੀਦਾਂ ਹੋਰ ਵੱਧ ਗਈਆਂ ਹਨ।


ਰਾਸ਼ਟਰਮੰਡਲ ਖੇਡਾਂ ਵਿੱਚ ਗੁਲਵੀਰ ਸਿੰਘ ਦੀ ਇਹ ਇਤਿਹਾਸਕ ਸਫ਼ਲਤਾ ਭਾਰਤੀ ਖੇਡ ਜਗਤ ਲਈ ਮਾਣ ਵਾਲਾ ਪਲ ਹੈ ਅਤੇ ਦੇਸ਼ ਭਰ ਦੇ ਖੇਡ ਪ੍ਰੇਮੀਆਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।










# ਸਿਹਤ-ਸੰਭਾਲ



# ਸਾਈਨਸ: ਨੱਕ ਬੰਦ ਹੋਣ ਦੇ ਕਾਰਨ ਹੋਣ ਵਾਲਾ ਸਿਰਦਰਦ ਕਿੰਨਾ ਖ਼ਤਰਨਾਕ ਹੋ ਸਕਦਾ ਹੈ, ਤੁਹਾਨੂੰ ਡਾਕਟਰ ਕੋਲ ਕਦੋਂ ਜਾਣਾ ਚਾਹੀਦਾ ਹੈ?





ਬਹੁਤ ਲੋਕ ਸਿਰਦਰਦ, ਨੱਕ ਬੰਦ ਹੋਣਾ, ਚਿਹਰੇ 'ਤੇ ਦਬਾਅ ਜਾਂ ਲਗਾਤਾਰ ਥਕਾਵਟ ਨੂੰ ਆਮ ਜੁਕਾਮ ਦੇ ਲੱਛਣ ਸਮਝ ਲੈਂਦੇ ਹਨ, ਪਰ ਕਈ ਵਾਰ ਇਸ ਦਾ ਅਸਲ ਕਾਰਨ ਸਾਈਨਸਾਈਟਿਸ ਨਾਮ ਦੀ ਇੱਕ ਹੋਰ ਗੰਭੀਰ ਸਥਿਤੀ ਹੁੰਦੀ ਹੈ, ਜਿਸ ਨੂੰ ਆਮ ਬੋਲਚਾਲ ਵਿੱਚ ਸਾਈਨਸ ਦੀ ਸਮੱਸਿਆ ਕਿਹਾ ਜਾਂਦਾ ਹੈ।

ਮੌਸਮ ਵਿੱਚ ਬਦਲਾਅ, ਪ੍ਰਦੂਸ਼ਣ, ਵੱਧਦੀ ਐਲਰਜੀ, ਧੂੜ ਦੇ ਕਣ, ਏਸੀ ਦਾ ਬਹੁਤ ਜ਼ਿਆਦਾ ਇਸਤੇਮਾਲ ਅਤੇ ਜੀਵਨਸ਼ੈਲੀ ਵਿੱਚ ਬਦਲਾਅ ਦੇ ਕਾਰਨ ਅੱਜਕੱਲ੍ਹ ਸਾਈਨਸਾਈਟਿਸ ਦੀ ਸਮੱਸਿਆ ਵੱਧ ਰਹੀ ਹੈ।

ਡਾਕਟਰਾਂ ਦਾ ਕਹਿਣਾ ਹੈ ਕਿ ਭਾਵੇਂ ਤੁਹਾਨੂੰ ਜੁਕਾਮ ਹੋਵੇ ਜਾਂ ਨਾ ਹੋਵੇ, ਇੱਕ ਵਾਰ ਜਦੋਂ ਚਿਹਰੇ ਵਿੱਚ ਮੌਜੂਦ ਇਹ ਖੋਖਲੇ ਸਥਾਨ, ਜਿਨ੍ਹਾਂ ਨੂੰ ਸਾਈਨਸ ਕਿਹਾ ਜਾਂਦਾ ਹੈ, ਵਿੱਚ ਸੋਜਿਸ਼ ਆ ਜਾਂਦੀ ਹੈ, ਤਾਂ ਉਹਨਾਂ ਦਾ ਨਿਕਾਸ ਰੁਕ ਜਾਂਦਾ ਹੈ ਅਤੇ ਇੱਥੋਂ ਹੀ ਦਰਦ, ਭਾਰੀਪਨ ਤੇ ਇਨਫੈਕਸ਼ਨ ਦਾ ਚੱਕਰ ਸ਼ੁਰੂ ਹੁੰਦਾ ਹੈ।

ਡਾਕਟਰਾਂ ਦੇ ਅਨੁਸਾਰ, ਸਾਈਨਸ ਨਾਲ ਜੁੜੀਆਂ ਜ਼ਿਆਦਾਤਰ ਸ਼ਿਕਾਇਤਾਂ ਕੁਝ ਦਿਨਾਂ ਵਿੱਚ ਠੀਕ ਹੋ ਜਾਂਦੀਆਂ ਹਨ, ਪਰ ਜੇ ਲੱਛਣ 10 ਦਿਨਾਂ ਤੋਂ ਵੱਧ ਸਮੇਂ ਤੱਕ ਬਣੇ ਰਹਿੰਦੇ ਹਨ, ਵਿਗੜ ਜਾਂਦੇ ਹਨ, ਜਾਂ ਚਿਹਰੇ 'ਤੇ ਸੋਜਿਸ਼, ਅੱਖਾਂ ਦੇ ਆਲੇ-ਦੁਆਲੇ ਲਾਲੀ ਜਾਂ ਨਜ਼ਰ ਵਿੱਚ ਬਦਲਾਅ ਦੇ ਨਾਲ ਹੁੰਦੇ ਹਨ, ਤਾਂ ਤੁਰੰਤ ਡਾਕਟਰੀ ਮਦਦ ਲੈਣੀ ਲਾਜ਼ਮੀ ਹੈ।

ਕੁਝ ਮਰੀਜ਼ਾਂ ਵਿੱਚ, ਜੇ ਉਨ੍ਹਾਂ ਨੂੰ ਐਲਰਜੀ, ਨੱਕ ਵਿੱਚ ਪੋਲਿਪ ਜਾਂ ਬਣਤਰ ਸੰਬੰਧੀ ਰੁਕਾਵਟਾਂ ਹੁੰਦੀਆਂ ਹਨ, ਤਾਂ ਇਹ ਸਮੱਸਿਆ ਵਾਰ-ਵਾਰ ਹੁੰਦੀ ਹੈ ਅਤੇ ਕਈ ਵਾਰ ਸਰਜਰੀ ਦੀ ਲੋੜ ਪੈਂਦੀ ਹੈ।

ਮਾਹਰਾਂ ਦੀ ਸਲਾਹ, ਸਹੀ ਨਿਦਾਨ ਅਤੇ ਜੀਵਨਸ਼ੈਲੀ ਵਿੱਚ ਛੋਟੇ-ਮੋਟੇ ਬਦਲਾਵਾਂ ਨਾਲ ਸਾਈਨਸਾਈਟਿਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟ੍ਰੋਲ ਕੀਤਾ ਜਾ ਸਕਦਾ ਹੈ।

## ਸਾਈਨਸ ਕੀ ਹੈ?

ਸਾਈਨਸ ਤੁਹਾਡੇ ਚਿਹਰੇ ਅਤੇ ਖੋਪੜੀ ਵਿੱਚ ਸਥਿਤ ਖੋਖਲੇ, ਹਵਾ ਨਾਲ ਭਰੇ ਸਥਾਨ ਹੁੰਦੇ ਹਨ। ਇਹ ਸਥਾਨ ਤੁਹਾਡੇ ਨੱਕ ਨਾਲ ਜੁੜੇ ਹੁੰਦੇ ਹਨ ਅਤੇ ਇਨ੍ਹਾਂ ਦੀ ਅੰਦਰਲੀ ਪਰਤ ਲਗਾਤਾਰ ਬਲਗਮ ਬਣਾਉਂਦੀ ਰਹਿੰਦੀ ਹੈ।

ਇਹ ਬਲਗਮ ਤੁਹਾਡੇ ਨੱਕ ਦੇ ਰਾਹੀਂ ਬਾਹਰ ਨਿਕਲ ਜਾਂਦੀ ਹੈ। ਇਹ ਧੂੜ, ਐਲਰਜੀ ਪੈਦਾ ਕਰਨ ਵਾਲੇ ਕਣਾਂ ਅਤੇ ਜੀਵਾਣੂਆਂ ਨੂੰ ਛਾਣ ਕੇ ਤੁਹਾਡੇ ਸਾਹ ਲੈਣ ਵਾਲੇ ਰਾਹ ਨੂੰ ਸਾਫ਼ ਰੱਖਦੀ ਹੈ।

ਸਧਾਰਣ ਹਾਲਤਾਂ ਵਿੱਚ ਸਾਈਨਸ ਦਾ ਕੁਦਰਤੀ ਵੈਂਟੀਲੇਸ਼ਨ ਅਤੇ ਡ੍ਰੇਨੇਜ ਠੀਕ ਤਰੀਕੇ ਨਾਲ ਚੱਲਦਾ ਹੈ। ਪਰ ਜਦੋਂ ਜੁਕਾਮ, ਐਲਰਜੀ, ਇਨਫੈਕਸ਼ਨ, ਪ੍ਰਦੂਸ਼ਣ ਜਾਂ ਬਣਤਰ ਸੰਬੰਧੀ ਰੁਕਾਵਟਾਂ ਵਰਗੀ ਕਿਸੇ ਵੀ ਵਜ੍ਹਾ ਨਾਲ ਇਹ ਡ੍ਰੇਨੇਜ ਦਾ ਰਸਤਾ ਬੰਦ ਹੋ ਜਾਂਦਾ ਹੈ, ਤਾਂ ਸਾਈਨਸ ਦੀ ਅੰਦਰਲੀ ਪਰਤ ਵਿੱਚ ਸੋਜਿਸ਼ ਆ ਜਾਂਦੀ ਹੈ। ਇਸ ਨੂੰ ਸਾਈਨਸਾਈਟਿਸ ਕਿਹਾ ਜਾਂਦਾ ਹੈ।

ਜਦੋਂ ਸਾਈਨਸ ਵਿੱਚ ਸੋਜਿਸ਼ ਆ ਜਾਂਦੀ ਹੈ, ਤਾਂ ਉਨ੍ਹਾਂ ਵਿੱਚ ਹਵਾ ਦਾ ਵਹਾਅ ਰੁਕ ਜਾਂਦਾ ਹੈ, ਬਲਗਮ ਇਕੱਠੀ ਹੋ ਜਾਂਦੀ ਹੈ ਅਤੇ ਬੈਕਟੀਰੀਆ ਵੱਧਣ ਲੱਗਦੇ ਹਨ।

ਇਸ ਦੇ ਨਤੀਜੇ ਵਜੋਂ ਭਾਰੀਪਨ, ਸਿਰਦਰਦ, ਚਿਹਰੇ 'ਤੇ ਦਬਾਅ, ਗਾੜ੍ਹਾ ਪੀਲਾ ਰਿਸਾਅ ਅਤੇ ਸੁੰਘਣ ਦੀ ਸਮਰੱਥਾ ਵਿੱਚ ਕਮੀ ਵਰਗੇ ਲੱਛਣ ਦਿਖਾਈ ਦੇਣ ਲੱਗਦੇ ਹਨ। ਸਾਈਨਸਾਈਟਿਸ ਦੋ ਕਿਸਮਾਂ ਦਾ ਹੋ ਸਕਦਾ ਹੈ: ਤੀਬਰ (4 ਹਫ਼ਤਿਆਂ ਤੋਂ ਘੱਟ) ਅਤੇ ਪੁਰਾਣੇ ਪੜਾਅ ਲਈ (12 ਹਫ਼ਤਿਆਂ ਤੋਂ ਵੱਧ)।

ਤੀਬਰ ਹਾਲਤ ਵਿੱਚ ਇਨਫੈਕਸ਼ਨ ਮੁੱਖ ਕਾਰਨ ਹੁੰਦਾ ਹੈ, ਜਦਕਿ ਪੁਰਾਣੇ ਪੜਾਅ ਲਈ ਹਾਲਤ ਵਿੱਚ ਐਲਰਜੀ ਜਾਂ ਨੱਕ ਵਿੱਚ ਬਣਤਰ ਸੰਬੰਧੀ ਰੁਕਾਵਟ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਠੀਕ ਇਲਾਜ, ਨੱਕ ਦੀ ਸਫ਼ਾਈ ਅਤੇ ਟ੍ਰਿਗਰਾਂ ਤੋਂ ਬਚਾਅ ਨਾਲ ਜ਼ਿਆਦਾਤਰ ਮਰੀਜ਼ਾਂ ਨੂੰ ਰਾਹਤ ਮਿਲ ਸਕਦੀ ਹੈ।

## ਗ਼ਲਤਫਹਿਮੀ ਅਤੇ ਜਵਾਬ

ਕਈ ਲੋਕ ਇਸ ਨੂੰ ਸਿਰਫ਼ ਜੁਕਾਮ ਸਮਝਦੇ ਹਨ ਜਾਂ ਜਦੋਂ ਜੁਕਾਮ ਵੱਧ ਜਾਂਦਾ ਹੈ, ਤਾਂ ਇਸ ਨੂੰ ਸਾਈਨਸਾਈਟਿਸ ਕਹਿੰਦੇ ਹਨ। ਪਰ ਬਿਨਾਂ ਸਹੀ ਨਿਦਾਨ ਅਤੇ ਡਾਕਟਰ ਦੀ ਮਦਦ ਦੇ ਖੁਦ ਨਿਦਾਨ ਅਤੇ ਇਲਾਜ ਕਰਨਾ ਬਹੁਤ ਖ਼ਤਰਨਾਕ ਹੈ।

ਚੇਨਈ ਦੇ ਐੱਸਆਰਐੱਮ ਗਲੋਬਲ ਹਸਪਤਾਲ ਵਿੱਚ ਸੀਨੀਅਰ ਸਲਾਹਕਾਰ ਡਾ. ਕੇ. ਪ੍ਰਿਆ ਨੇ ਇਨ੍ਹਾਂ ਗ਼ਲਤਫਹਿਮੀਆਂ ਨੂੰ ਦੂਰ ਕਰਨ ਲਈ ਸਾਡੇ ਸਵਾਲਾਂ ਦੇ ਜਵਾਬ ਦਿੱਤੇ।

ਉਹ ਕਹਿੰਦੀ ਹਨ, "ਸਾਈਨਸਾਈਟਿਸ ਸਿਰਫ਼ ਜੁਕਾਮ ਦਾ ਵਿਗੜ ਜਾਣਾ ਨਹੀਂ ਹੈ, ਇਹ ਤੁਹਾਡੇ ਚਿਹਰੇ ਅਤੇ ਖੋਪੜੀ ਵਿੱਚ ਹਵਾ ਨਾਲ ਭਰੀਆਂ ਥਾਵਾਂ ਵਿੱਚ ਸੋਜਿਸ਼ ਦਾ ਸੰਕੇਤ ਹੈ।"

ਲੱਛਣਾਂ ਬਾਰੇ ਦੱਸਦਿਆਂ ਉਹ ਕਹਿੰਦੀ ਹੈ, "ਸਧਾਰਣ ਜੁਕਾਮ, ਵਾਇਰਲ ਇਨਫੈਕਸ਼ਨ, ਐਲਰਜੀ, ਪ੍ਰਦੂਸ਼ਣ, ਧੂੜ ਦੇ ਕਣ, ਨਾਲ ਹੀ ਨੱਕ ਦੇ ਪੋਲਿਪ ਜਾਂ ਟੇਢੀ ਨੱਕ ਦੀ ਹੱਡੀ ਵਰਗੀਆਂ ਬਣਤਰ ਸੰਬੰਧੀ ਰੁਕਾਵਟਾਂ ਸਾਈਨਸਾਈਟਿਸ ਦੇ ਮੁੱਖ ਕਾਰਨ ਹਨ।"

"ਜ਼ਿਆਦਾਤਰ ਮਰੀਜ਼ਾਂ ਨੂੰ ਸਧਾਰਣ ਇਲਾਜ ਨਾਲ ਆਰਾਮ ਮਿਲ ਜਾਂਦਾ ਹੈ, ਪਰ ਜੇ ਲੱਛਣ ਦਸ ਦਿਨਾਂ ਤੋਂ ਵੱਧ ਸਮੇਂ ਤੱਕ ਬਣੇ ਰਹਿਣ, ਵਿਗੜ ਜਾਣ, ਜਾਂ ਚਿਹਰੇ 'ਤੇ ਸੋਜਿਸ਼, ਅੱਖਾਂ ਦੇ ਆਲੇ-ਦੁਆਲੇ ਲਾਲੀ ਅਤੇ ਨਜ਼ਰ ਵਿੱਚ ਬਦਲਾਅ ਦੇ ਨਾਲ ਹੋਣ, ਤਾਂ ਤੁਰੰਤ ਡਾਕਟਰੀ ਮਦਦ ਦੀ ਲੋੜ ਹੁੰਦੀ ਹੈ।"

ਉਹ ਅੱਗੇ ਦੱਸਦੀ ਹੈ, "ਵਾਰ-ਵਾਰ ਹੋਣ ਵਾਲੇ ਜਾਂ ਲੰਬੇ ਸਮੇਂ ਤੱਕ ਰਹਿਣ ਵਾਲੇ ਸਾਈਨਸਾਈਟਿਸ ਵਿੱਚ ਦਵਾਈ ਦੇ ਨਾਲ-ਨਾਲ ਐਲਰਜੀ ਕੰਟ੍ਰੋਲ, ਜੀਵਨਸ਼ੈਲੀ ਵਿੱਚ ਬਦਲਾਅ ਅਤੇ ਕੁਝ ਮਾਮਲਿਆਂ ਵਿੱਚ ਐਂਡੋਸਕੋਪਿਕ ਸਰਜਰੀ ਦੀ ਵੀ ਲੋੜ ਪੈ ਸਕਦੀ ਹੈ। ਸਹੀ ਨਿਦਾਨ ਅਤੇ ਸਮੇਂ 'ਤੇ ਇਲਾਜ ਨਾਲ ਸਾਈਨਸਾਈਟਿਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟ੍ਰੋਲ ਕਰਨਾ ਪੂਰੀ ਤਰ੍ਹਾਂ ਸੰਭਵ ਹੈ।"

## ਤੁਹਾਨੂੰ ਡਾਕਟਰ ਕੋਲ ਕਦੋਂ ਜਾਣਾ ਚਾਹੀਦਾ ਹੈ?

ਮੁੰਬਈ ਦੇ ਕੋਕਿਲਾਬੇਨ ਧੀਰੂਭਾਈ ਹਸਪਤਾਲ ਵਿੱਚ ਈਐੱਨਟੀ ਸਲਾਹਕਾਰ ਵਜੋਂ ਕੰਮ ਕਰਨ ਵਾਲੇ ਡਾ. ਰਾਹੁਲ ਮੋਦੀ ਕਹਿੰਦੇ ਹਨ, "ਵਾਇਰਲ ਸਾਈਨਸਾਈਟਿਸ ਦੇ ਜ਼ਿਆਦਾਤਰ ਮਾਮਲਿਆਂ ਵਿੱਚ ਘਰੇਲੂ ਇਲਾਜ ਅਤੇ ਬਿਨਾਂ ਪ੍ਰਿਸਕ੍ਰਿਪਸ਼ਨ ਵਾਲੀਆਂ ਦਵਾਈਆਂ ਕਾਫ਼ੀ ਹੋ ਸਕਦੀਆਂ ਹਨ, ਪਰ ਜੇ ਲੱਛਣ ਪੰਜ ਤੋਂ ਸੱਤ ਦਿਨਾਂ ਤੋਂ ਵੱਧ ਸਮੇਂ ਤੱਕ ਬਣੇ ਰਹਿਣ ਜਾਂ ਸੁਧਾਰ ਦੇ ਬਾਅਦ ਦੁਬਾਰਾ ਆ ਜਾਣ, ਤਾਂ ਤੁਰੰਤ ਡਾਕਟਰ ਨਾਲ ਸਲਾਹ ਕਰਨੀ ਲਾਜ਼ਮੀ ਹੈ।"

"ਗੰਭੀਰ ਦਰਦ, ਤੇਜ਼ ਬੁਖਾਰ, ਅੱਖਾਂ ਵਿੱਚ ਬਦਲਾਅ ਜਾਂ ਐਂਟੀਬਾਇਓਟਿਕ ਦਵਾਈਆਂ ਦਾ ਅਸਰ ਨਾ ਹੋਣਾ ਕਿਸੇ ਗੰਭੀਰ ਇਨਫੈਕਸ਼ਨ ਦੇ ਲੱਛਣ ਹੋ ਸਕਦੇ ਹਨ। ਖਾਰੇ ਪਾਣੀ ਨਾਲ ਅੱਖਾਂ ਦੀ ਸਫ਼ਾਈ, ਸਟੀਰੋਇਡ ਸਪਰੇ ਅਤੇ ਥੋੜ੍ਹੇ ਸਮੇਂ ਲਈ ਨੱਕ ਬੰਦ ਹੋਣ ਦੀ ਦਵਾਈ ਦਾ ਇਸਤੇਮਾਲ ਇਲਾਜ ਦੇ ਮਹੱਤਵਪੂਰਨ ਹਿੱਸੇ ਹਨ।"

ਉਹ ਅੱਗੇ ਕਹਿੰਦੇ ਹਨ, "ਹਾਲਾਂਕਿ, ਐਂਟੀਬਾਇਓਟਿਕ ਦਵਾਈਆਂ ਉਦੋਂ ਹੀ ਦੇਣੀਆਂ ਚਾਹੀਦੀਆਂ ਹਨ ਜਦੋਂ ਬੈਕਟੀਰੀਅਲ ਇਨਫੈਕਸ਼ਨ ਦਾ ਪੱਕਾ ਸ਼ੱਕ ਹੋਵੇ, ਕਿਉਂਕਿ ਇਨ੍ਹਾਂ ਦਾ ਬੇਲੋੜਾ ਇਸਤੇਮਾਲ ਭਵਿੱਖ ਵਿੱਚ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਕਮਜ਼ੋਰ ਕਰ ਸਕਦਾ ਹੈ।"

## ਇਸ ਬਿਮਾਰੀ ਦਾ ਨਿਦਾਨ ਕਿਵੇਂ ਕੀਤਾ ਜਾਂਦਾ ਹੈ?

ਹੁਣ ਇਸ ਸਾਈਨਸ ਦੀ ਸਮੱਸਿਆ ਦਾ ਨਿਦਾਨ ਕਰਨਾ ਵੀ ਓਨਾਂ ਹੀ ਮਹੱਤਵਪੂਰਨ ਹੈ।

ਡੋਂਬਿਵਲੀ ਦੇ ਅਰਿੰਦਮ ਹਸਪਤਾਲ ਵਿੱਚ ਕੰਮ ਕਰਨ ਵਾਲੇ ਕੰਨ, ਨੱਕ ਅਤੇ ਗਲੇ ਦੇ ਮਾਹਰ ਡਾ. ਸੰਜੈ ਪਾਟਿਲ ਨੇ ਬੀਬੀਸੀ ਮਰਾਠੀ ਨੂੰ ਇਸ ਨਿਦਾਨ ਬਾਰੇ ਜਾਣਕਾਰੀ ਦਿੱਤੀ।

ਉਹ ਕਹਿੰਦੇ ਹਨ, "ਐਂਡੋਸਕੋਪੀ ਅਤੇ ਸਿਟੀ ਸਕੈਨ ਨਿਦਾਨ ਲਈ ਬਹੁਤ ਮਹੱਤਵਪੂਰਨ ਹਨ, ਕਿਉਂਕਿ ਇਨ੍ਹਾਂ ਨਾਲ ਰੁਕਾਵਟ ਦਾ ਸਥਾਨ ਸਪਸ਼ਟ ਤੌਰ 'ਤੇ ਪਤਾ ਲੱਗਦਾ ਹੈ। ਜੇ ਦਵਾਈ ਨਾਲ ਫ਼ਾਇਦਾ ਨਾ ਹੋਵੇ ਜਾਂ ਸਮੱਸਿਆ ਵਾਰ-ਵਾਰ ਹੋਵੇ, ਤਾਂ ਐਂਡੋਸਕੋਪਿਕ ਸਰਜਰੀ ਇੱਕ ਸੁਰੱਖਿਅਤ ਅਤੇ ਸਹੀ ਹੱਲ ਹੈ। ਸਹੀ ਸਮੇਂ 'ਤੇ ਇਲਾਜ ਕਰਵਾਉਣ ਨਾਲ ਸਾਈਨਸਾਈਟਿਸ ਕਾਰਨ ਹੋਣ ਵਾਲੀਆਂ ਲੰਬੇ ਸਮੇਂ ਦੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ।"

ਮੁੰਬਈ ਦੇ ਜਸਲੋਕ ਹਸਪਤਾਲ ਅਤੇ ਰਿਸਰਚ ਸੈਂਟਰ ਵਿੱਚ ਈਐੱਨਟੀ ਮਾਹਰ ਡਾ. ਦਿਵਿਆ ਪ੍ਰਭਾਤ ਕਹਿੰਦੇ ਹਨ, "ਸਾਈਨਸਾਈਟਿਸ ਦਾ ਮੁੱਖ ਕਾਰਨ ਅਕਸਰ ਐਲਰਜੀ ਹੁੰਦੀ ਹੈ, ਇਸ ਲਈ ਪੂਰੀ ਜਾਂਚ ਜ਼ਰੂਰੀ ਹੈ।

ਕਿਸ ਖ਼ਾਸ ਤੱਤ ਨਾਲ ਐਲਰਜੀ ਹੁੰਦੀ ਹੈ, ਇਸ ਨੂੰ ਸਹੀ ਤਰੀਕੇ ਨਾਲ ਪਛਾਣਨ ਲਈ ਸਕਿਨ ਪ੍ਰਿਕ ਟੈਸਟ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ 'ਗੋਲਡ ਸਟੈਂਡਰਡ' ਮੰਨਿਆ ਜਾਂਦਾ ਹੈ।

ਲੰਬੇ ਸਮੇਂ ਤੱਕ ਰਹਿਣ ਵਾਲੇ ਸਾਈਨਸਾਈਟਿਸ ਨੂੰ ਅਣਡਿੱਠਾ ਕਰਨ ਨਾਲ ਇਹ ਸਿਰਫ਼ ਨੱਕ ਤੱਕ ਸੀਮਤ ਨਹੀਂ ਰਹਿੰਦਾ। ਇਸ ਨਾਲ ਕੰਨ ਵਿੱਚ ਇਨਫੈਕਸ਼ਨ, ਟਾਂਸਿਲ ਅਤੇ ਐਡਿਨੋਇਡਜ਼ ਦਾ ਵੱਧਣਾ, ਬ੍ਰੋਂਕਾਈਟਿਸ ਜਾਂ ਅਸਥਮਾ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।"

"ਇਸ ਲਈ ਸਮੇਂ 'ਤੇ ਇਲਾਜ ਸ਼ੁਰੂ ਕਰਨਾ ਜ਼ਰੂਰੀ ਹੈ। ਦਵਾਈਆਂ ਆਮ ਤੌਰ 'ਤੇ ਮਰੀਜ਼ਾਂ ਨੂੰ ਤੁਰੰਤ ਆਰਾਮ ਦਿੰਦੀਆਂ ਹਨ, ਹਾਲਾਂਕਿ, ਜੇ ਲੱਛਣ ਵਾਰ-ਵਾਰ ਆਉਂਦੇ ਹਨ, ਤਾਂ ਐੱਫਐੱਸਈਐੱਸ ਵਰਗੀਆਂ ਐਂਡੋਸਕੋਪਿਕ ਪ੍ਰਕਿਰਿਆਵਾਂ ਕੁਦਰਤੀ ਸਾਈਨਸ ਰਸਤੇ ਨੂੰ ਖੋਲ੍ਹ ਕੇ ਲੰਬੇ ਸਮੇਂ ਦੀ ਰਾਹਤ ਦਿੰਦੀਆਂ ਹਨ।"

## ਜੇ ਦਵਾਈਆਂ ਅਸਰ ਨਾ ਕਰਨ ਤਾਂ ਕੀ ਹੋਵੇਗਾ?

ਜਿਨ੍ਹਾਂ ਮਰੀਜ਼ਾਂ ਨੂੰ ਦਵਾਈ ਨਾਲ ਪੂਰਾ ਆਰਾਮ ਨਹੀਂ ਮਿਲਦਾ ਜਾਂ ਜਿਨ੍ਹਾਂ ਨੂੰ ਵਾਰ-ਵਾਰ ਸਾਈਨਸਾਈਟਿਸ ਹੁੰਦਾ ਹੈ, ਉਨ੍ਹਾਂ ਦੇ ਸਾਈਨਸ ਦੇ ਅੰਦਰੂਨੀ ਹਿੱਸਿਆਂ ਵਿੱਚ ਅਕਸਰ ਰੁਕਾਵਟਾਂ ਜਾਂ ਤੰਗ ਰਸਤੇ ਹੁੰਦੇ ਹਨ।

ਇਸ ਕਾਰਨ ਸੋਜਿਸ਼ ਵਾਰ-ਵਾਰ ਵਾਪਸ ਆ ਜਾਂਦੀ ਹੈ ਅਤੇ ਸਾਈਨਸ ਦਾ ਰਿਸਾਅ ਠੀਕ ਤਰੀਕੇ ਨਾਲ ਨਹੀਂ ਹੋ ਸਕਦਾ। ਅਜਿਹੇ ਮਾਮਲਿਆਂ ਵਿੱਚ ਫੰਕਸ਼ਨਲ ਐਂਡੋਸਕੋਪਿਕ ਸਾਈਨਸ ਸਰਜਰੀ (ਐੱਫਈਐੱਸਐੱਸ) ਇੱਕ ਪ੍ਰਭਾਵਸ਼ਾਲੀ ਬਦਲ ਹੈ।

ਇਸ ਪ੍ਰਕਿਰਿਆ ਵਿੱਚ ਐਂਡੋਸਕੋਪ ਦੀ ਮਦਦ ਨਾਲ ਕੁਦਰਤੀ ਸਾਈਨਸ ਰਸਤੇ ਨੂੰ ਸਾਫ਼ ਕਰਨ ਅਤੇ ਚੌੜਾ ਕਰਨ 'ਤੇ ਧਿਆਨ ਦਿੱਤਾ ਜਾਂਦਾ ਹੈ, ਜਿਸ ਨਾਲ ਹਵਾ ਦਾ ਸੰਚਾਰ ਹੋ ਸਕੇ ਅਤੇ ਰਿਸਾਵ ਦੀ ਨਿਕਾਸ ਵਿੱਚ ਸੁਧਾਰ ਹੋ ਸਕੇ।

ਇਲਾਜ ਤੋਂ ਬਾਅਦ ਮਰੀਜ਼ਾਂ ਦੇ ਰੋਜ਼ਾਨਾ ਲੱਛਣਾਂ ਵਿੱਚ ਕਾਫ਼ੀ ਕਮੀ ਆਉਂਦੀ ਹੈ ਅਤੇ ਇਨਫੈਕਸ਼ਨ ਦੇ ਦੁਬਾਰਾ ਹੋਣ ਦਾ ਖ਼ਤਰਾ ਘੱਟ ਹੋ ਜਾਂਦਾ ਹੈ।

ਡਾ. ਰਾਹੁਲ ਮੋਦੀ ਕਹਿੰਦੇ ਹਨ, "ਐੱਈਐੱਸਐੱਸ ਇੱਕ ਸਹੀ ਅਤੇ ਘੱਟ ਚੀਰ-ਫਾੜ ਵਾਲੀ ਸਰਜਰੀ ਹੈ ਜੋ ਉਨ੍ਹਾਂ ਲੋਕਾਂ ਲਈ ਬਹੁਤ ਪ੍ਰਭਾਵਸ਼ਾਲੀ ਹੈ ਜਿਨ੍ਹਾਂ ਨੂੰ ਦਵਾਈ ਨਾਲ ਪੂਰਾ ਆਰਾਮ ਨਹੀਂ ਮਿਲਦਾ ਜਾਂ ਜਿਨ੍ਹਾਂ ਨੂੰ ਵਾਰ-ਵਾਰ ਸਾਈਨਸ ਦੀ ਸਮੱਸਿਆ ਹੁੰਦੀ ਹੈ।"

"ਐਂਡੋਸਕੋਪ ਦੀ ਮਦਦ ਨਾਲ ਰੁਕਾਵਟ ਦੂਰ ਕੀਤੀ ਜਾਂਦੀ ਹੈ ਅਤੇ ਸਾਈਨਸ ਤੋਂ ਨਿਕਲਣ ਵਾਲੇ ਤਰਲ ਪਦਾਰਥ ਦੀ ਨਿਕਾਸੀ ਵਿੱਚ ਸਥਾਈ ਸੁਧਾਰ ਹੁੰਦਾ ਹੈ। ਇਸ ਨਾਲ ਜ਼ਿਆਦਾਤਰ ਮਰੀਜ਼ਾਂ ਨੂੰ ਲੰਬੇ ਸਮੇਂ ਲਈ ਆਰਾਮ ਮਿਲਦਾ ਹੈ। ਤਜਰਬੇਕਾਰ ਸਰਜਨਾਂ ਦੁਆਰਾ ਕੀਤੇ ਜਾਣ 'ਤੇ ਇਸ ਪ੍ਰਕਿਰਿਆ ਨਾਲ ਜੁੜੀਆਂ ਜਟਿਲਤਾਵਾਂ ਬਹੁਤ ਘੱਟ ਹੁੰਦੀਆਂ ਹਨ।"

ਉਹ ਅੱਗੇ ਕਹਿੰਦੇ ਹਨ, "ਮੁੰਬਈ ਵਰਗੇ ਸ਼ਹਿਰਾਂ ਵਿੱਚ ਹਵਾ ਵਿੱਚ ਮੌਜੂਦ ਪੀਐੱਮ2.5 ਪ੍ਰਦੂਸ਼ਕ, ਨਮੀ, ਏਸੀ ਕਾਰਨ ਹੋਣ ਵਾਲੀ ਖੁਸ਼ਕੀ ਅਤੇ ਮੌਸਮ ਵਿੱਚ ਅਚਾਨਕ ਬਦਲਾਅ ਸਾਈਨਸ ਦੀ ਪਰਤ ਨੂੰ ਪ੍ਰਭਾਵਿਤ ਕਰ ਸਕਦੇ ਹਨ ਅਤੇ ਸੋਜਿਸ਼ ਵਧਾ ਸਕਦੇ ਹਨ। ਇਸ ਲਈ ਵਾਤਾਵਰਣ ਦੀ ਸੰਭਾਲ ਅਤੇ ਜੀਵਨਸ਼ੈਲੀ ਵਿੱਚ ਬਦਲਾਅ ਇਲਾਜ ਜਿੰਨੇ ਹੀ ਮਹੱਤਵਪੂਰਨ ਹਨ।"

## ਤੁਸੀਂ ਇਸ ਸਮੱਸਿਆ ਤੋਂ ਕਿਵੇਂ ਬਚ ਸਕਦੇ ਹੋ?

ਹਾਲਾਂਕਿ, ਸਾਈਨਸਾਈਟਿਸ ਨੂੰ ਪੂਰੀ ਤਰ੍ਹਾਂ ਰੋਕਿਆ ਨਹੀਂ ਜਾ ਸਕਦਾ, ਪਰ ਇਸ ਦੇ ਖ਼ਤਰੇ ਨੂੰ ਕਾਫ਼ੀ ਹੱਦ ਤੱਕ ਘੱਟ ਕੀਤਾ ਜਾ ਸਕਦਾ ਹੈ। ਸਭ ਤੋਂ ਮਹੱਤਵਪੂਰਨ ਕਦਮ ਹੈ ਆਪਣੀ ਨੱਕ ਦੀ ਸਿਹਤ ਦਾ ਨਿਯਮਿਤ ਧਿਆਨ ਰੱਖਣਾ।

ਹਵਾ ਵਿੱਚ ਮੌਜੂਦ ਧੂੜ ਦੇ ਕਣ, ਪ੍ਰਦੂਸ਼ਣ, ਪਰਾਗ ਅਤੇ ਐਲਰਜੀ ਪੈਦਾ ਕਰਨ ਵਾਲੇ ਤੱਤ ਅਕਸਰ ਸਾਈਨਸ ਦੀ ਅੰਦਰਲੀ ਪਰਤ ਨੂੰ ਪਰੇਸ਼ਾਨ ਕਰਦੇ ਹਨ।

ਇਸ ਲਈ ਡਾਕਟਰ ਦੀ ਸਲਾਹ ਤੋਂ ਬਾਅਦ ਦਿਨ ਵਿੱਚ ਇੱਕ ਵਾਰ ਖਾਰੇ ਪਾਣੀ ਨਾਲ ਨੱਕ ਸਾਫ਼ ਕਰਨਾ ਜਾਂ ਸਪਰੇ ਦਾ ਇਸਤੇਮਾਲ ਕਰਨਾ ਫ਼ਾਇਦਾਮੰਦ ਹੁੰਦਾ ਹੈ, ਕਿਉਂਕਿ ਇਸ ਨਾਲ ਨੱਕ ਵਿੱਚ ਜਮ੍ਹੀ ਧੂੜ, ਕਣ ਅਤੇ ਜੀਵਾਣੂ ਬਾਹਰ ਨਿਕਲ ਜਾਂਦੇ ਹਨ।

ਘਰ ਦੀ ਹਵਾ ਸਾਫ਼ ਰੱਖਣਾ, ਏਸੀ ਫਿਲਟਰ ਸਮੇਂ 'ਤੇ ਬਦਲਣਾ ਅਤੇ ਨਮੀ ਨੂੰ 40-50% ਦੇ ਵਿਚਕਾਰ ਬਣਾਈ ਰੱਖਣਾ ਸਾਈਨਸ ਲਈ ਅਨੁਕੂਲ ਵਾਤਾਵਰਣ ਬਣਾਉਂਦਾ ਹੈ।

ਐਲਰਜੀ ਨਾਲ ਪੀੜਤ ਲੋਕਾਂ ਲਈ ਐਲਰਜੀ ਪੈਦਾ ਕਰਨ ਵਾਲੀਆਂ ਚੀਜ਼ਾਂ ਤੋਂ ਬਚਣਾ ਬਹੁਤ ਜ਼ਰੂਰੀ ਹੈ। ਪਰਾਗ, ਧੂੜ, ਪਾਲਤੂ ਜਾਨਵਰਾਂ ਦੇ ਵਾਲ ਜਾਂ ਫੰਗਸ ਨਾਲ ਸੰਪਰਕ ਘੱਟ ਕਰਨ ਨਾਲ ਸਾਈਨਸਾਈਟਿਸ ਦਾ ਖ਼ਤਰਾ ਘੱਟ ਹੋ ਸਕਦਾ ਹੈ।

ਲੋੜੀਂਦਾ ਪਾਣੀ ਪੀਣਾ ਅਤੇ ਦਿਨ ਭਰ ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਣ ਦੇਣਾ ਬਲਗਮ ਨੂੰ ਪਤਲਾ ਰੱਖਦਾ ਹੈ, ਜਿਸ ਨਾਲ ਇਹ ਆਸਾਨੀ ਨਾਲ ਬਾਹਰ ਨਿਕਲ ਜਾਂਦਾ ਹੈ। ਸਿਗਰਟ ਦਾ ਧੂੰਆ, ਵਾਹਨਾਂ ਦਾ ਧੂੰਆ ਅਤੇ ਰਸਾਇਣਕ ਧੂੰਏ ਸਾਈਨਸ ਲਈ ਸਭ ਤੋਂ ਵੱਧ ਨੁਕਸਾਨਦਾਇਕ ਹੁੰਦੇ ਹਨ, ਇਸ ਲਈ ਇਨ੍ਹਾਂ ਤੋਂ ਬਚਣਾ ਜ਼ਰੂਰੀ ਹੈ।

ਮੌਸਮ ਵਿੱਚ ਅਚਾਨਕ ਬਦਲਾਅ ਦੌਰਾਨ ਸਾਵਧਾਨੀ ਵਰਤਣਾ, ਪੂਰੀ ਨੀਂਦ ਲੈਣਾ, ਤਣਾਅ ਘੱਟ ਕਰਨਾ ਅਤੇ ਰੋਗ ਪ੍ਰਤੀਰੋਧਕ ਸਮਰੱਥਾ ਵਧਾਉਣਾ, ਇਹ ਸਾਰੇ ਮਿਲ ਕੇ ਸਾਈਨਸਾਈਟਿਸ ਤੋਂ ਲੰਬੇ ਸਮੇਂ ਦੀ ਸੁਰੱਖਿਆ ਪ੍ਰਦਾਨ ਕਰਦੇ ਹਨ।

ਡਾ. ਦਿਵਿਆ ਪ੍ਰਭਾਤ ਕਹਿੰਦੇ ਹਨ, "ਪ੍ਰਦੂਸ਼ਣ, ਤੇਜ਼ ਖੁਸ਼ਬੂ, ਮੱਛਰ ਭਜਾਉਣ ਵਾਲੇ ਸਪਰੇ ਜਾਂ ਅਗਰਬੱਤੀ ਵਰਗੀਆਂ ਚੀਜ਼ਾਂ ਤੋਂ ਬਚਣਾ ਅਤੇ ਸੰਤੁਲਿਤ ਆਹਾਰ, ਨੀਂਦ ਦਾ ਨਿਯਮਿਤ ਚੱਕਰ, ਕਸਰਤ ਅਤੇ ਤਣਾਅ ਪ੍ਰਬੰਧਨ ਵਰਗੇ ਜੀਵਨਸ਼ੈਲੀ ਵਿੱਚ ਬਦਲਾਅ ਕਰਨ ਨਾਲ ਸਾਈਨਸਾਈਟਿਸ ਦੇ ਦੌਰਿਆਂ ਦੀ ਆਵਰਤੀ ਅਤੇ ਗੰਭੀਰਤਾ ਘੱਟ ਕਰਨ ਵਿੱਚ ਮਦਦ ਮਿਲ ਸਕਦੀ ਹੈ।"

ਡਾ. ਰਾਹੁਲ ਮੋਦੀ ਕਹਿੰਦੇ ਹਨ, "ਨੱਕ ਅਤੇ ਸਾਹ ਪ੍ਰਣਾਲੀ ਵਿੱਚ ਕੁਦਰਤੀ ਨਮੀ ਰੱਖਣਾ ਸਾਈਨਸਾਈਟਿਸ ਤੋਂ ਬਚਾਅ ਲਈ ਬਹੁਤ ਜ਼ਰੂਰੀ ਹੈ। ਦਿਨ ਵਿੱਚ ਘੱਟੋ-ਘੱਟ ਦੋ ਲੀਟਰ ਪਾਣੀ ਪੀਣ ਨਾਲ ਬਲਗਮ ਪਤਲਾ ਰਹਿੰਦਾ ਹੈ ਅਤੇ ਆਸਾਨੀ ਨਾਲ ਬਾਹਰ ਨਿਕਲ ਜਾਂਦਾ ਹੈ।"

"ਖੁਸ਼ਕ ਮਾਹੌਲ ਵਿੱਚ ਰਹਿਣ ਵਾਲਿਆਂ ਨੂੰ ਸੇਲਾਈਨ ਸਪਰੇ ਜਾਂ ਹਿਊਮਿਡੀਫਾਇਰ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਅਤੇ ਧੂੰਏ, ਪ੍ਰਦੂਸ਼ਣ ਤੋਂ ਦੂਰ ਰਹਿਣਾ ਚਾਹੀਦਾ ਹੈ। ਸਾਈਨਸ ਦੀ ਸਿਹਤ ਲਈ ਏਸੀ ਫਿਲਟਰ ਨੂੰ ਨਿਯਮਿਤ ਤੌਰ 'ਤੇ ਸਾਫ਼ ਕਰਨਾ ਵੀ ਲਾਜ਼ਮੀ ਹੈ।"

ਉਹ ਅੱਗੇ ਕਹਿੰਦੇ ਹਨ, "ਨਿਯਮਿਤ ਤੌਰ 'ਤੇ ਟਹਿਲਣਾ, ਸਬਜ਼ੀਆਂ ਅਤੇ ਪੋਸ਼ਕ ਤੱਤਾਂ ਨਾਲ ਭਰਪੂਰ ਆਹਾਰ ਅਤੇ ਸਭ ਤੋਂ ਮਹੱਤਵਪੂਰਨ ਪੂਰੀ ਨੀਂਦ ਲੈਣਾ ਰੋਗ ਪ੍ਰਤੀਰੋਧਕ ਸਮਰੱਥਾ ਵਧਾਉਣ ਲਈ ਲਾਜ਼ਮੀ ਹੈ।"

"ਸਫ਼ਾਈ ਦੀਆਂ ਆਦਤਾਂ, ਖ਼ਾਸ ਕਰਕੇ ਵਾਰ-ਵਾਰ ਹੱਥ ਧੋਣਾ, ਵਾਇਰਸ ਅਤੇ ਬੈਕਟੀਰੀਆ ਤੋਂ ਬਚਾਅ ਵਿੱਚ ਮਦਦ ਕਰਦੀਆਂ ਹਨ ਅਤੇ ਸ਼ੂਗਰ ਨੂੰ ਕੰਟ੍ਰੋਲ ਕਰਨਾ ਜ਼ਰੂਰੀ ਹੈ, ਕਿਉਂਕਿ ਬੇਕਾਬੂ ਬਲੱਡ ਸ਼ੂਗਰ ਜੀਵਨ-ਖ਼ਤਰਨਾਕ ਫੰਗਲ ਸਾਈਨਸਾਈਟਿਸ ਦਾ ਖ਼ਤਰਾ ਵਧਾ ਸਕਦੀ ਹੈ।"


ਜੇ ਤੁਸੀਂ ਆਪਣੀ ਜੀਵਨਸ਼ੈਲੀ ਵਿੱਚ ਕੋਈ ਵੱਡਾ ਬਦਲਾਅ ਕਰਨਾ ਚਾਹੁੰਦੇ ਹੋ, ਆਪਣੇ ਆਹਾਰ ਵਿੱਚ ਤਬਦੀਲੀ ਲਿਆਉਣਾ ਚਾਹੁੰਦੇ ਹੋ ਜਾਂ ਸਰੀਰਕ ਕਸਰਤ ਸ਼ੁਰੂ ਕਰਨਾ ਚਾਹੁੰਦੇ ਹੋ, ਤਾਂ ਡਾਕਟਰ ਅਤੇ ਯੋਗ ਗੁਰੂ ਦੀ ਮਦਦ ਲੈਣਾ ਮਹੱਤਵਪੂਰਨ ਹੈ।

ਬਿਹਤਰ ਇਹੀ ਹੋਵੇਗਾ ਕਿ ਤੁਸੀਂ ਆਪਣੇ ਸਰੀਰ ਅਤੇ ਲੱਛਣਾਂ ਦੀ ਡਾਕਟਰ ਕੋਲੋਂ ਚੰਗੀ ਤਰ੍ਹਾਂ ਜਾਂਚ ਕਰਵਾਓ ਅਤੇ ਉਨ੍ਹਾਂ ਦੀ ਸਲਾਹ 'ਤੇ ਹੀ ਜੀਵਨਸ਼ੈਲੀ ਵਿੱਚ ਬਦਲਾਅ ਕਰੋ।






## ਸਿਰਜਣਾ



# ਹੱਥ ਦਾਤੀ, ਚੰਨਣ ਦਾ ਦਸਤਾ...

–ਜੱਗਾ ਸਿੰਘ ਆਦਮਕੇ

ਕਿਹਾ ਜਾਂਦਾ ਹੈ ਕਿ ਮਨੁੱਖ ਆਰੰਭ ਵਿੱਚ ਦੂਸਰੇ ਜੰਗਲੀ ਜਾਨਵਰਾਂ ਵਾਂਗ ਜੰਗਲਾਂ ਵਿੱਚ ਰਹਿੰਦਾ ਸੀ ਅਤੇ ਖੁਰਾਕ ਸਬੰਧੀ ਉਸ ਦੀ ਪੂਰੀ ਨਿਰਭਰਤਾਜੰਗਲਾਂ ਦੇ ਰੁੱਖਾਂ ਅਤੇ ਜੰਗਲੀ ਜੀਵ ਜੰਤੂਆਂ ’ਤੇ ਸੀ। ਬਾਅਦ ਵਿੱਚ ਉਸ ਨੇ ਰਹਿਣ ਲਈ ਪੱਕੇ ਟਿਕਾਣੇ ਬਣਾ ਲਏ। ਸਮੇਂ ਨਾਲ ਆਪਣੀਆਂ ਖੁਰਾਕੀ ਜ਼ਰੂਰਤਾਂ ਦੀ ਪੂਰਤੀ ਲਈ ਜੰਗਲ ’ਤੇ ਨਿਰਭਰਤਾ ਦੀ ਥਾਂ ਮਨੁੱਖ ਨੇ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ। ਜਿਵੇਂ ਜਿਵੇਂ ਮਨੁੱਖ ਵਿਕਸਤ ਹੁੰਦਾ ਗਿਆ, ਉਵੇਂ ਮਨੁੱਖ ਦੀ ਖੇਤੀਬਾੜੀ ’ਤੇ ਨਿਰਭਰਤਾ ਵਧਦੀ ਗਈ। ਖੇਤੀਬਾੜੀ ਲਈ ਮਨੁੱਖ ਨੇ ਪਸ਼ੂਆਂ ਦੀ ਮਦਦ ਲੈਣ ਦੇ ਨਾਲ ਖੇਤੀਬਾੜੀ ਵਿੱਚ ਵੱਖ ਵੱਖ ਕੰਮਾਂ ਦੀਆਂ ਜ਼ਰੂਰਤਾਂ ਲਈ ਔਜ਼ਾਰ/ਸੰਦ ਵੀ ਬਣਾ ਲਏ। ਇਨ੍ਹਾਂ ਖੇਤੀ ਆਧਾਰਤ ਸੰਦਾਂ ਵਿੱਚ ਸਮੇਂ ਦੇ ਨਾਲ ਤਬਦੀਲੀ ਆਉਂਦੀ ਗਈ ਅਤੇ ਲੋੜ ਅਨੁਸਾਰ ਨਵੇਂ ਸੰਦ ਬਣਦੇ ਗਏ। ਇਨ੍ਹਾਂ ਸੰਦਾਂ ਦੀ ਸੂਚੀ ਕਾਫ਼ੀ ਲੰਬੀ ਹੈ। ਖੇਤੀਬਾੜੀ, ਪਸ਼ੂ ਪਾਲਣ ਅਤੇ ਬਾਗਬਾਨੀ ਵਿੱਚ ਕੰਮ ਆਉਣ ਵਾਲਾ ਅਜਿਹਾ ਹੀ ਇੱਕ ਸੰਦ ਹੈ ‘ਦਾਤੀ’।
ਬਣਤਰ ਪੱਖੋਂ ਦਾਤੀ ਥੋੜ੍ਹੀ ਬਹੁਤੀ ਤਬਦੀਲੀ ਨਾਲ ਖੇਤੀਬਾੜੀ ਨਾਲ ਜੁੜੇ ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿੱਚ ਵਰਤਿਆ ਜਾਣਾ ਵਾਲਾ ਸੰਦ ਹੈ। ਲੋਹਾ ਯੁੱਗ ਦੇ ਆਰੰਭ ਹੋਣ ਤੋਂ ਪਹਿਲਾਂ ਵੀ ਅਜਿਹੇ ਸੰਦ ਦੀ ਵਰਤੋਂ ਫ਼ਸਲਾਂ, ਹਰੇ ਚਾਰੇ ਆਦਿ ਦੀ ਕਟਾਈ ਲਈ ਹੁੰਦੀ ਹੋਵੇਗੀ। ਵੱਖ ਵੱਖ ਸੰਦ ਬਣਾਉਣ ਲਈ ਲੋਹੇ ਦੀ ਵਰਤੋਂ ਸ਼ੁਰੂ ਹੋਣ ਪਿੱਛੋਂ ਦਾਤੀ ਲੋਹੇ ਤੋਂ ਬਣਨ ਲੱਗੀ। ਇਸ ਵਿੱਚ ਸਮੇਂ ਨਾਲ ਤਬਦੀਲੀ ਹੁੰਦੀ ਗਈ। ਦਾਤੀ ਕਾਫ਼ੀ ਪਹਿਲਾਂ ਤੋਂ ਉਪਯੋਗ ਹੁੰਦਾ ਸੰਦ ਹੈ। ਅਜਿਹਾ ਕੁਝ ਹੋਣ ਕਾਰਨ ਗੁਰਬਾਣੀ ਵਿੱਚ ਇਸ ਸਬੰਧੀ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ:

ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥
ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ॥

ਪੰਜਾਬ ਵਿੱਚ ਵੀ ਕੁਝ ਸਮਾਂ ਪਹਿਲਾਂ ਗੱਡੀ ਲੁਹਾਰਾਂ ਵੱਲੋਂ ਬਣਾਈ ਦਾਤੀ ਹੁੰਦੀ ਸੀ, ਜਿਸ ਦੇ ਸਿਰੇ ’ਤੇ ਲੱਕੜ ਦਾ ਬਣਾਇਆ ਹੱਥੜਾ ਹੁੰਦਾ ਸੀ। ਇਹ ਦਾਤੀ ਹਰਾ ਚਾਰਾ ਆਦਿ ਵੱਢਣ ਦੇ ਨਾਲ ਸਬਜ਼ੀਆਂ ਆਦਿ ਦਾ ਨਦੀਨ ਕੱਢਣ ਲਈ ਵੀ ਉਪਯੋਗੀ ਰਹੀ ਹੈ। ਦੰਦੇ ਘਸਣ ਤਾਂ ਪਿੰਡ ਦੇ ਲੁਹਾਰਾਂ ਤੋਂ ਫਿਰ ਕੱਢਵਾ ਲਏ ਜਾਂਦੇ। ਇਸ ਨੂੰ ਦੇਸੀ ਦਾਤੀ ਕਿਹਾ ਜਾਂਦਾ ਹੈ। ਬਾਅਦ ਵਿੱਚ ਦਾਤੀ ਦੇ ਆਕਾਰ ਦੇ ਫਰੇਮ ਵਿੱਚ ਬਲੇਡ ਵਾਲੀ ਦਾਤੀ ਪ੍ਰਚੱਲਿਤ ਹੋਈ। ਇਸ ਬਲੇਡ ਦੇ ਤਿਰਸ਼ੇ ਦੰਦੇ ਕੁਝ ਵਧੇਰੇ ਤਿੱਖੇ ਹੁੰਦੇ ਹਨ ਅਤੇ ਇਸ ਦੀ ਕਾਰਜ ਸਮਰੱਥਾ ਵਧੇਰੇ ਹੁੰਦੀ ਹੈ। ਖੇਤੀਬਾੜੀ ਵਿੱਚ ਫ਼ਸਲਾਂ ਦੀ ਕਟਾਈ ਲਈ ਇਹ ਵਧੇਰੇ ਉਪਯੋਗੀ ਹੁੰਦੀ ਹੈ। ਅਜਿਹਾ ਹੋਣ ਕਾਰਨ ਇਸ ਦਾਤੀ ਦੀ ਵਰਤੋਂ ਵੱਧ ਕੀਤੀ ਜਾਂਦੀ ਹੈ। ਇਸ ਦਾ ਨਿਰਮਾਣ ਵੱਡੇ ਪੱਧਰ ’ਤੇ ਕਾਰਖਾਨਿਆਂ ਤੇ ਫੈਕਟਰੀਆਂ ਵਿੱਚ ਹੋ ਰਿਹਾ ਹੈ।
ਦਾਤੀ ਦੇ ਇੱਕ ਸਿਰੇ ਉੱਤੇ ਲੱਕੜ ਦਾ ਦਸਤਾ ਹੁੰਦਾ ਹੈ, ਜਿਸ ਨੂੰ ਬਣਾਉਣ ਲਈ ਪੰਜਾਬ ਵਿੱਚ ਮਿਲਦੇ ਆਮ ਰਵਾਇਤੀ ਰੁੱਖਾਂ ਦੀ ਲੱਕੜ ਵਰਤੀ ਜਾਂਦੀ ਹੈ। ਕਿਸੇ ਆਪਣੇ ਪਿਆਰੇ ਵੱਲੋਂ ਵਾਢੀ ਵਿੱਚ ਵਰਤੀ ਜਾਂਦੀ ਦਾਤੀ ਦਾ ਇਹ ਦਸਤਾ ਚੰਦਨ ਦਾ ਬਣਿਆ ਹੋਇਆ ਹੋਣ ਸਬੰਧੀ ਟੱਪਿਆਂ, ਬੋਲੀਆਂ ਵਿੱਚ ਕਲਪਨਾ ਕੁਝ ਇਸ ਤਰ੍ਹਾਂ ਮਿਲਦੀ ਹੈ:

ਹੱਥ ਦਾਤੀ ਚੰਨਣ ਦਾ ਦਸਤਾ
ਲੱਛੀ ਕੁੜੀ ਵਾਢੀਆਂ ਕਰੇ।

ਦਾਤੀ ਫ਼ਸਲ, ਹਰਾ ਚਾਰਾ ਆਦਿ ਦੀ ਕਟਾਈ ਲਈ ਵਰਤੋਂ ਯੋਗ ਸੰਦ ਹੈ, ਪ੍ਰੰਤੂ ਕਣਕ ਦੀ ਫ਼ਸਲ ਦੀ ਵਾਢੀ ਨਾਲ ਇਸ ਦਾ ਵਿਸ਼ੇਸ਼ ਸਬੰਧ ਜੁੜਿਆ ਹੋਇਆ ਹੈ। ਹਾੜ੍ਹੀ ਦੀਆਂ ਵਾਢੀ ਦੀਆਂ ਤਿਆਰੀਆਂ ਲਈ ਦਾਤੀਆਂ ਨੂੰ ਦੰਦੇ ਕਢਵਾਉਣ ਦੇ ਨਾਲ ਨਵੀਆਂ ਦਾਤੀਆਂ ਖ਼ਰੀਦੀਆਂ ਜਾਂਦੀਆਂ ਸਨ। ਇਨ੍ਹੀਂ ਦਿਨੀਂ ਨਵੀਆਂ ਦਾਤੀਆਂ ਵੇਚਣ, ਦਾਤੀਆਂ ਦੇ ਦੰਦੇ ਕੱਢਣ, ਦਾਤੀਆਂ ਦੇ ਬਲੇਡ ਬਦਲਣ ਵਾਲਿਆਂ ਲਈ ਚੰਗੇ ਰੁਜ਼ਗਾਰ ਦੇ ਦਿਨ ਹੁੰਦੇ ਸਨ। ਹਾੜ੍ਹੀ ਦੀ ਹੱਥੀਂ ਵਾਢੀ ਸਮੇਂ ਔਰਤਾਂ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਸਨ। ਕੁਝ ਅਜਿਹਾ ਹੋਣ ਕਾਰਨ ਕਿਸੇ ਔਰਤ ਵੱਲੋਂ ਹਾੜ੍ਹੀ ਬਰਾਬਰ ਵੱਢਣ ਲਈ ਦਾਤੀ ਦੇ ਘੁੰਗਰੂ ਲਗਵਾਉਣ ਲਈ ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਕਿਹਾ ਮਿਲਦਾ ਹੈ:

ਦਾਤੀ ਨੂੰ ਲਵਾ ਦੇ ਘੁੰਗਰੂ
ਹਾੜ੍ਹੀ ਵੱਢੂੰਗੀ ਬਰੋਬਰ ਤੇਰੇ।

ਪੰਜਾਬ ਦੇ ਬਹੁਤ ਸਾਰੇ ਪਿੰਡ, ਕਸਬੇ, ਨਗਰ ਖੇਤੀਬਾੜੀ ਆਧਾਰਿਤ ਵੱਖ ਵੱਖ ਵਸਤੂਆਂ ਬਣਾਉਣ ਵਿੱਚ ਵਿਸ਼ੇਸ਼ਤਾ ਰੱਖਦੇ ਹਨ। ਉਹ ਇਨ੍ਹਾਂ ਲਈ ਪ੍ਰਸਿੱਧ ਰਹੇ ਹਨ। ਦਾਤੀਆਂ ਬਣਾਉਣ ਲਈ ਵੀ ਕੁਝ ਇਸੇ ਤਰ੍ਹਾਂ ਪ੍ਰਸਿੱਧ ਰਿਹਾ ਹੈ:

ਰੌਂਤੇ ਦੇ ਵਿੱਚ ਬਣਦੇ ਕੂੰਡੇ
ਸ਼ਹਿਰ ਭਦੌੜ ਦੇ ਵਿੱਚ ਬਣਦੀ ਚਾਟੀ।
ਹਿੰਮਤਪੁਰੇ ਬਣਦੀਆਂ ਕਹੀਆਂ
ਕਾਸ਼ਾਪੁਰ ਬਣਦੀ ਦਾਤੀ।
ਬਹਿ ਜਾ ਬੋਤੇ ’ਤੇ
ਮੰਨ ਕੇ ਭੌਰ ਦੀ ਆਖੀ।

ਦਾਤੀ ਵੱਖ ਵੱਖ ਖਿੱਤਿਆਂ ਦੇ ਲੋਕਾਂ ਦੇ ਲੋਕ ਜੀਵਨ ਵਿੱਚ ਵੀ ਮਹੱਤਵਪੂਰਨ ਸਥਾਨ ਰੱਖਦੀ ਹੈ। ਦਾਤੀ ਕਬਾਇਲੀ ਲੋਕਾਂ ਲਈ ਵੀ ਮਹੱਤਵਪੂਰਨ ਸੰਦ ਹੈ। ਉਹ ਇਸ ਦੀ ਵਰਤੋਂ ਵੱਖ ਵੱਖ ਉਦੇਸ਼ਾਂ ਲਈ ਕਰਦੇ ਹਨ। ਦਾਤੀ ਸਬੰਧੀ ਲੋਕਾਂ ਵਿੱਚ ਲੋਕ ਵਿਸ਼ਵਾਸ ਪ੍ਰਚੱਲਿਤ ਹਨ। ਕੁਝ ਕਬੀਲਿਆਂ ਵਿੱਚ ਅਸਮਾਨੀ ਬਿਜਲੀ ਲਿਸ਼ਕਣ ਸਮੇਂ ਦਾਤੀ ਨੂੰ ਵਿਹੜੇ ਵਿੱਚ ਰੱਖ ਦਿੰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਏਦਾਂ ਕਰਨ ਨਾਲ ਬਿਜਲੀ ਦਾ ਅਸਰ ਧਰਤੀ ਵਿੱਚ ਚਲਾ ਜਾਂਦਾ ਤੇ ਅਸਮਾਨੀ ਬਿਜਲੀ ਕਿਸੇ ਕਿਸਮ ਦਾ ਨੁਕਸਾਨ ਨਹੀਂ ਕਰਦੀ।
ਇਸੇ ਤਰ੍ਹਾਂ ਕੁਝ ਖਿੱਤਿਆਂ ਵਿੱਚ ਦਾਤੀ ਨੂੰ ਔਰਤਾਂ ਦੀ ਸੁਰੱਖਿਆ ਲਈ ਉਨ੍ਹਾਂ ਵੱਲੋਂ ਆਪਣੇ ਨਾਲ ਰੱਖਿਆ ਜਾਂਦਾ ਹੈ। ਭਾਰਤ ਦੇ ਪਹਾੜੀ ਖੇਤਰਾਂ ਵਿੱਚ ਦਾਤੀ ਨੂੰ ਔਰਤਾਂ ਅਤੇ ਬੱਚਿਆਂ ਦੀ ਭੂਤ ਪ੍ਰੇਤ ਤੋਂ ਸੁਰੱਖਿਆ ਕਰਨ ਵਾਲੀ ਮੰਨਿਆ ਜਾਂਦਾ ਹੈ। ਇਹ ਬੱਚੇ ਦੇ ਜਨਮ ਸਮੇਂ ਉਸ ਦੇ ਸਿਰਹਾਣੇ ਰੱਖੀ ਜਾਂਦੀ ਹੈ। ਦਾਤੀ/ਦਾਤਰੀ ਕੇਵਲ ਖੇਤੀਬਾੜੀ ਵਿੱਚ ਵਾਢੀ ਲਈ ਉਪਯੋਗ ਕੀਤਾ ਜਾਣ ਵਾਲਾ ਸੰਦ ਹੈ, ਪਰ ਪੰਜਾਬੀਆਂ ਵੱਲੋਂ ਪ੍ਰਤੀਕਾਤਮਕ ਰੂਪ ਵਿੱਚ ਮੀਰ ਮੰਨੂੰ ਵੱਲੋਂ ਕੀਤੇ ਗਏ ਜ਼ੁਲਮਾਂ ਲਈ ਉਸ ਨੂੰ ਦਾਤਰੀ ਦੇ ਰੂਪ ਵਿੱਚ ਕੁਝ ਇਸ ਤਰ੍ਹਾਂ ਪੇਸ਼ ਕੀਤਾ ਮਿਲਦਾ ਹੈ:

ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ
ਜਿਉਂ ਜਿਉਂ ਸਾਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।

ਦਾਤੀ ਦੇ ਇੱਕ ਪਾਸੇ ਤਿਰਸ਼ੇ ਦੰਦੇ ਹੁੰਦੇ ਹਨ, ਜਿਹੜੇ ਕਿਸੇ ਚੀਜ਼ ਨੂੰ ਵੱਢਣ ਲਈ ਵਰਤੇ ਜਾਂਦੇ ਹਨ। ਕੁਝ ਇਸੇ ਤਰ੍ਹਾਂ ਦਾਤੀ ਦੇ ਦੰਦਿਆਂ ਰਾਹੀਂ ਲੋਕਾਂ ਦੇ ਦੂਹਰੇ ਮਾਪਦੰਡਾਂ ਤੇ ਕਿਸੇ ਪ੍ਰਤੀ ਲੋਕਾਂ ਦੇ ਵਰਤਾਅ ਨੂੰ ਦਰਸਾਉਣ ਲਈ ਕਿਹਾ ਜਾਂਦਾ ਹੈ:

ਦਾਤੀ ਨੂੰ ਇੱਕ ਪਾਸੇ ਦੰਦੇ, ਦੁਨੀਆ ਨੂੰ ਦੋਹੀਂ ਪਾਸੇ ਦੰਦੇ।

ਇਸ ਤਰ੍ਹਾਂ ਦਾਤੀ ਦੀ ਬਹੁਪੱਖੀ ਉਪਯੋਗਤਾ ਕਾਰਨ ਇਹ ਪੰਜਾਬੀਆਂ ਵਿੱਚ ਹਰਮਨ ਪਿਆਰਾ ਸੰਦ ਹੈ। ਇਸ ਦੀ ਉਪਯੋਗਤਾ ਕਾਰਨ ਇਹ ਪੰਜਾਬ ਦੇ ਲੋਕਗੀਤਾਂ, ਟੱਪਿਆਂ, ਬੋਲੀਆਂ ਵਿੱਚ ਬੋਲਦਾ ਹੈ। ਹਾੜ੍ਹੀ ਦੀ ਵਾਢੀ ਅਤੇ ਦੂਸਰੀਆਂ ਫ਼ਸਲਾਂ ਦੀ ਕਟਾਈ ਦੇ ਸਮੇਂ ਦਾਤੀਆਂ ਦੀ ਅੱਜ ਵੀ ਕੁਝ ਕੁ ਮਹੱਤਤਾ ਕਾਇਮ ਹੈ।

# ਮਾਂ ਮੇਰੀ ਨੇ ਚਰਖਾ ਦਿੱਤਾ...

–ਬਹਾਦਰ ਸਿੰਘ ਗੋਸਲ



ਅਜੋਕੇ ਸਮੇਂ ਵਿੱਚ ਧੀਆਂ ਦੇ ਵਿਆਹਾਂ ਉੱਤੇਦਿੱਤੇ ਜਾਣ ਵਾਲੇ ਦਾਜ ਨੇ ਵੱਖਰਾ ਹੀ ਰੂਪ ਲੈ ਲਿਆ ਹੈ।ਅੱਜਕੱਲ੍ਹ ਭਾਵੇਂ ਅਮੀਰ ਲੋਕ ਲੱਖਾਂ ਰੁਪਏ ਵਿਆਹਾਂ ਉੱਤੇ ਖਰਚ ਕਰਦੇ ਅਤੇ ਆਪਣੀ ਧੀ ਨੂੰ ਵੱਧ ਤੋਂ ਵੱਧ ਮਹਿੰਗਾ ਫਰਨੀਚਰ, ਗਹਿਣੇ, ਕੱਪੜੇ, ਬਰਤਨ ਆਦਿ ਵੀ ਦਿੰਦੇ ਹਨ। ਰਿਵਾਜ ਮਹਿੰਗੀਆਂ ਗੱਡੀਆਂ, ਮੋਟਰ ਸਾਈਕਲ ਜਾਂ ਸਕੂਟਰ, ਫਰਿੱਜ, ਕੱਪੜੇ ਧੋਣ ਦੀ ਮਸ਼ੀਨ ਤੇ ਹੋਰ ਪਤਾ ਨਹੀਂ ਕਿੰਨਾ ਨਿੱਕ-ਸੁੱਕ ਕੁੜੀਆਂ ਦੇ ਦਾਜ ਵਿੱਚਦਿੱਤਾ ਜਾਂਦਾ ਹੈ। ਇਸੇ ਕਰਕੇ ਦਾਜ ਸਮਾਜਿਕ ਕੁਰੀਤੀ ਬਣ ਕੇ ਸਮਾਜ ਨੂੰ ਘੁਣ ਦੀ ਤਰ੍ਹਾਂ ਖਾ ਰਹੀ ਹੈ।ਬਹੁਤ ਪੜ੍ਹੇ ਲਿਖੇ ਮਾਪੇ ਵੀ ਆਪਣੇ ਬੱਚਿਆਂ ਨੂੰ ਚੰਗੀ ਤੋਂ ਚੰਗੀ ਉੱਚ ਸਿੱਖਿਆ ਦੇਣ ਦੇ ਬਾਵਜੂਦ ਦਾਜ ਦੇਣ ਤੋਂ ਪਿੱਛੇ ਨਹੀਂ ਹਟਦੇ। ਕਦੇ ਸਮਾਂ ਸੀ ਕਿ ਲੜਕੀਆਂ ਵਿਦਿਆ ਪੜ੍ਹਨ ਨੂੰ ਤਰਸਦੀਆਂ ਹੋਈਆਂ ਆਪਣੇ ਮਾਪਿਆਂ ਨੂੰ ਕਿਹਾ ਕਰਦੀਆਂ ਸਨ:

ਵਿਦਿਆ ਪੜ੍ਹਾ ਦੇ ਬਾਬਲਾ
ਭਾਵੇਂ ਦੇਈ ਨਾ ਦਾਜ ਵਿੱਚ ਗਹਿਣੇ।

ਅੱਜ ਸਭ ਕੁਝ ਉਲਟ ਜਿਹਾ ਲੱਗਦਾ ਹੈ।ਵੱਧ ਪੜ੍ਹੀ ਲਿਖੀ ਕੁੜੀ ਦੇ ਸਹੁਰੇ ਵੱਧ ਦਾਜ ਦੀ ਇੱਛਾ ਰੱਖਦੇ ਹਨ। ਬਹੁਤ ਸਾਰੇ ਲੋਕ ਆਪਣੇ ਚੰਗੇ ਪੜ੍ਹੇ ਲਿਖੇ ਮੁੰਡਿਆਂ ਲਈ ਬੋਲੀ ਲਾਉਣ ਤੱਕ ਜਾਂਦੇ ਹਨ। ਉਹ ਮੁੰਡੇ ਉੱਤੇ ਪੜ੍ਹਾਈ ਦੇ ਖਰਚੇ ਦੀ ਮਿਸਾਲ ਦੇ ਕੇ ਦਾਜ ਲੈਣ ਨੂੰ ਸਹੀ ਠਹਿਰਾਉਣ ਲੱਗ ਜਾਂਦੇ ਹਨ। ਉਹ ਪੈਸੇ ਦੇ ਲਾਲਚ ਵਿੱਚ ਇਹ ਭੁੱਲ ਜਾਂਦੇ ਹਨ ਕਿ ਜੇ ਉਨ੍ਹਾਂ ਦਾ ਮੁੰਡਾ ਪੜ੍ਹਿਆ ਲਿਖਿਆ ਹੈ ਤਾਂ ਕੁੜੀ ਵੀ ਘੱਟਪੜ੍ਹੀ ਨਹੀਂ। ਫਿਰ ਉਹ ਦਾਜ ਨੂੰ ਸਮਾਜਿਕ ਇੱਜ਼ਤ ਦਾ ਬਹਾਨਾ ਬਣਾ ਲੈਂਦੇ ਹਨ। ਕਹਿਣ ਦਾ ਭਾਵ ਹੈ ਕਿ ਉਹ ਬੱਚਿਆਂ ਦੀ ਖੁਸ਼ੀ ਨੂੰ ਕਿੱਲੇ ਟੰਗ ਕੇ ਪੈਸਾਮੁੱਖਰੱਖਦੇ ਹਨ। ਅਜਿਹੇ ਹੀ ਲੋਕਾਂ ਨੇ ਦਾਜ ਨੂੰ ਕੋਹੜ ਦਾ ਰੂਪ ਦੇ ਦਿੱਤਾ ਹੈ।
ਕਦੇ ਸਮਾਂ ਸੀ ਕਿ ਦਾਜ ਦੇਣਾ ਮਾਪਿਆਂ ਲਈ ਚਾਅ ਭਰਿਆ ਹੁੰਦਾ ਸੀ। ਉਹ ਆਪਣੀ ਲਾਡਲੀ ਲਈ ਨਵੀਆਂ-ਨਵੀਆਂ ਵਸਤਾਂ ਦਾਜ ਵਿੱਚ ਦੇ ਕੇ ਖੁਸ਼ ਹੁੰਦੇ ਸਨ, ਪਰ ਇਨ੍ਹਾਂ ਵਿੱਚਬਹੁਤਾ ਕਰਕੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਘਰੇਲੂ ਵਰਤੋਂ ਦੀਆਂ ਵਸਤਾਂ ਹੁੰਦੀਆਂ ਸਨ। ਚਰਖੇ, ਪਲੰਘ, ਪੱਖੀਆਂ, ਨਾਲੇ, ਫੁਲਕਾਰੀਆਂ, ਘੱਗਰੇ, ਪਰਾਂਦੀਆਂ ਆਦਿ ਇਨ੍ਹਾਂ ਵਿੱਚ ਸ਼ਾਮਲ ਹੁੰਦੀਆਂ ਸਨ। ਇਨ੍ਹਾਂ ਵਿੱਚ ਬਾਜ਼ਾਰੀ ਚੀਜ਼ਾਂ ਬਹੁਤ ਘੱਟ ਹੁੰਦੀਆਂ ਸਨ, ਸਗੋਂ ਲੜਕੀ ਦੇ ਕਲਾਤਮਿਕ ਹੁਨਰ ਨੂੰ ਦਰਸਾਉਣ ਲਈ ਵਿਆਂਦੜ ਕੁੜੀ ਵੱਲੋਂ ਬਣਾਇਆ ਸਾਮਾਨ ਹੀ ਜ਼ਿਆਦਾ ਹੁੰਦਾ ਸੀ।ਮਿਸਾਲ ਵਜੋਂ ਵਿਆਹ ਤੋਂ ਪਹਿਲਾ ਪਿੰਡਾਂ ਦੀਆਂ ਕੁੜੀਆਂ ਦਾਜ ਲਈ ਦਰੀਆਂ ਆਪ ਤਿਆਰ ਕਰਦੀਆਂ ਸਨ, ਫੁਲਕਾਰੀਆਂ, ਪੱਖੀਆਂ, ਨਾਲੇ, ਰੰਗੀਨ ਪਲੰਘ ਸਭ ਆਪ ਬਣਾਉਂਦੀਆਂ, ਪਰ ਸਮੇਂ ਦੇ ਨਾਲ ਬਾਜ਼ਾਰੂ ਚੀਜ਼ਾਂ ਨੇ ਜ਼ੋਰ ਫੜ ਲਿਆ ਜਿਨ੍ਹਾਂ ਵਿੱਚ ਮਾਪੇ ਸਾਈਕਲ, ਸਿਲਾਈ ਮਸ਼ੀਨ, ਪੱਖੇ ਤੇ ਬਾਜ਼ਾਰੂ ਚਰਖੇ ਦੇਣ ਲੱਗ ਪਏ।ਸੰਦੂਕ ਅਤੇ ਪੇਟੀਆਂ ਦੀ ਥਾਂ ਮਹਿੰਗੀਆਂ ਅਲਮਾਰੀਆਂ ਨੇ ਲੈ ਲਈ ਅਤੇ ਰੰਗੀਨ ਪਲੰਘ ਦੀ ਥਾਂ ਬਾਜ਼ਾਰਾਂ ਵਿੱਚ ਵਿਕਦੇ ਡਬਲ ਬੈੱਡ ਵਾਲੇ ਬਕਸੇ ਆਪਣੀ ਥਾਂ ਬਣਾ ਗਏ।
ਭਾਵੇਂ ਦਾਜ ਵਿੱਚਦਿੱਤੀਆਂ ਜਾਂਦੀਆਂ ਇਹ ਚੀਜ਼ਾਂ ਮਹਿੰਗੀਆਂ ਹੁੰਦੀਆਂ, ਪਰ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਨੇ ਸਾਡੇ ਵਿਆਹਾਂ ਦਾ ਸੱਭਿਆਚਾਰਕ ਰੰਗ ਉਡਾ ਦਿੱਤਾ ਹੈ।ਸੰਦੂਕ ਤੇ ਚਰਖੇ ਜਿਹੜੇ ਕਿਸੇ ਮੁਟਿਆਰ ਦੇ ਦਾਜ ਵਿੱਚਜ਼ਰੂਰੀ ਹੁੰਦੇ ਸਨ, ਅੱਜ ਕਿਤੇ ਨਜ਼ਰ ਨਹੀਂ ਆਉਂਦੇ। ਕਦੇ ਸਮਾਂ ਸੀ ਕਿ ਕੋਈ ਵਿਆਂਦੜ ਮੁਟਿਆਰ ਦਾਜ ਵਿੱਚ ਬਣਾਈ ਗਈ ਰੰਗੀਨ ਚਰਖੀ ਨੂੰ ਦੇਖ ਕੇ ਖੁਸ਼ੀ ਮਹਿਸੂਸ ਕਰਦੀ ਹੋਈ ਆਪਣੇ ਭਰਾ ਦੇ ਪਿਆਰ ਦਾ ਵੀ ਜ਼ਿਕਰ ਕਰ ਦਿੰਦੀ ਸੀ:

ਨੀਂ ਚਰਖੀ ਰੰਗੀਲ ਦਾਜ ਦੀ
ਮੇਰੇ ਵੀਰ ਨੇ ਵਲੈਤੋਂ ਲਿਆਂਦੀ।

ਇਸ ਤਰ੍ਹਾਂ ਇਸ ਚਰਖੀ ਨੇ ਉਸ ਮੁਟਿਆਰ ਦੇ ਸਹੁਰੇ ਘਰ ਅੱਪੜ ਕੇ ਤ੍ਰਿੰਝਣਾਂ ਦਾ ਸ਼ਿੰਗਾਰ ਬਣਨਾ ਹੁੰਦਾ ਸੀ ਅਤੇ ਨਾਲ ਮਜ਼ਬੂਤ ਹੋ ਜਾਂਦਾ ਭੈਣ-ਭਰਾ ਦਾ ਪਿਆਰ। ਇਸੇ ਤਰ੍ਹਾਂ ਮੁਟਿਆਰਾਂ ਦੀਆਂ ਮਾਵਾਂ ਆਪਣੀਆਂ ਧੀਆਂ ਨੂੰ ਵਧੀਆ ਤੋਂ ਵਧੀਆ ਸੁੰਦਰ ਚਰਖਾ ਬਣਾ ਕੇ ਆਪਣੀ ਧੀ ਦੀ ਰੂਹ ਨੂੰ ਖੁਸ਼ ਕਰਨ ਲਈ ਦਾਜ ਵਿੱਚ ਦਿੰਦੀਆਂ ਸਨ ਜਿਸਨੇ ਪੰਜਾਬੀ ਸੱਭਿਆਚਾਰ ਨੂੰ ਨਵਾਂ ਰੰਗ ਦੇ ਦੇਣਾ, ਕਿਉਂਕਿ ਉਹ ਮੁਟਿਆਰ ਆਪਣੇ ਸਹੁਰੇ ਜਾ ਕੇ ਵੀ ਉਸ ਚਰਖੇ ਦੀ ਹੋਂਦ ਕਾਰਨ ਆਪਣੀ ਮਾਂ ਨੂੰ ਵਾਰ-ਵਾਰ ਯਾਦ ਕਰਦੀ ਸੀ ਅਤੇ ਕਿਹਾ ਕਰਦੀ ਸੀ:

ਮਾਂ ਮੇਰੀ ਮੈਨੂੰ ਚਰਖਾ ਦਿੱਤਾ, ਵਿੱਚ ਚਰਖੇ ਦੇ ਮੇਖਾਂ
ਮਾਂ ਮੈਂ ਤੈਨੂੰ ਯਾਦ ਕਰਾਂ, ਜਦ ਚਰਖੇ ਵੱਲ ਦੇਖਾਂ।

ਹਰ ਪੰਜਾਬੀ ਪੇਂਡੂ ਘਰ ਵਿੱਚ ਚਰਖਾ ਸਦਾ ਇੱਕ ਪਰਿਵਾਰਕ ਲੋੜ ਹੁੰਦਾ ਸੀ, ਇਸ ਨੂੰ ਘਰ ਦੀ ਵਿਰਾਸਤ ਵਜੋਂ ਸਾਂਭਿਆ ਜਾਂਦਾ ਸੀ। ਇਹ ਚਰਖੇ ਆਪਣੇ ਤੌਰ ਉੱਤੇ ਖਾਸ ਕਿਸਮ ਦੀ ਲੱਕੜ ਜਿਵੇਂ ਟਾਹਲੀ, ਕਿੱਕਰ, ਚੰਦਨ ਆਦਿ ਤੋਂ ਬਣਾਏ ਜਾਂਦੇ ਸਨ। ਇਸ ਦੇ ਅਨੁਸਾਰ ਹੀ ਸਾਡੇ ਪੰਜਾਬੀ ਲੋਕ ਗੀਤ ਜਾਂ ਗੀਤ ਆਪਣਾ ਰੂਪ ਬਦਲ ਲੈਂਦੇ ਸਨ ਜਿਵੇਂ:

ਸ਼ਾਵਾ ਚਰਖਾ ਚੰਦਨ ਦਾ
ਮੈਂ ਕੱਤਾਂ ਪ੍ਰੀਤਾਂ ਨਾਲ, ਚਰਖਾ ਚੰਦਨ ਦਾ।

ਟਾਹਲੀ ਅਤੇ ਕਿੱਕਰ ਦੀ ਲੱਕੜ ਦੇ ਚਰਖਿਆਂ ਦੀ ਵੀ ਆਪਣੀ ਮਹੱਤਤਾ ਸੀ ਅਤੇ ਆਮ ਸੁਣਨ ਨੂੰ ਮਿਲਦਾ ਸੀ:

ਟਾਹਲੀ ਦਾ ਮੇਰਾ ਚਰਖਾ ਨੀਂ ਮਾਏ
ਕਿੱਕਰ ਦਾ ਬਣਵਾ ਦੇ
ਨਾਲ ਦੀਆਂ ਮੇਰੀਆਂ ਕੱਤ ਕੇ ਸੌਂ ਗਈਆਂ
ਮੈਥੋਂ ਕੱਤਿਆ ਨਾ ਜਾਵੇ।
ਚਰਖਾ ਬੂ ਚੰਦਰਾ ਮਾਏ ਮੇਰੀ ਨੀਂਦ ਗੁਆਵੇ।

ਚਰਖਾ ਸਾਡੇ ਪੰਜਾਬੀ ਸੱਭਿਆਚਾਰਵਿੱਚ ਹੋਰ ਵੀ ਰੰਗ ਨਿਖੇੜ ਦਿੰਦਾ ਹੈ ਜਦੋਂ ਸਾਵਣ ਮਹੀਨੇ ਤ੍ਰਿੰਝਣਾਂ ਵਿੱਚ ਬੈਠੀਆਂ ਨਣਦ-ਭਰਜਾਈ ਇਕੱਠੀਆਂ ਹੋ ਕੇ ਚਰਖੇ ਕੱਤਦੀਆਂ ਤਾਂ ਗੀਤ ਵੀ ਚਰਖਿਆਂ ਨਾਲ ਜਾ ਜੁੜਦੇ ਸਨ:

ਤਿੰਝਣਾਂ ਦੇ ਵਿੱਚ ਚਰਖੇ ਘੂੰਮਣ, ਪਿੱਪਲੀਂ ਪੀਘਾਂ ਪਾਈਆਂ
ਮਹੀਨੇ ਸਾਵਣ ਦੇ, ਕੁੜੀਆਂ ਰੌਣਕਾਂ ਲਾਈਆਂ।

ਇਸ ਚਰਖੇ ਦੀ ਦੇਣ ਹੁੰਦੀ ਸੀ ਕਿ ਸਾਡੇ ਪਰਿਵਾਰਾਂ ਵਿੱਚ ਨਣਦ-ਭਰਜਾਈ ਦਾ ਮਿਲਾਪੜਾ ਪਿਆਰ ਉਮੜ-ਉਮੜ ਪੈਂਦਾ ਸੀ। ਦੋਹਾਂ ਦੀ ਜਵਾਨੀ, ਬੱਦਲਾਂ ਦਾ ਚੜ੍ਹ ਕੇ ਆਉਣਾ ਅਤੇ ਚਰਖਿਆਂ, ਪੂਣੀਆਂ ਦਾ ਭਿੱਜ ਜਾਣਾ ਆਮ ਜਿਹੀ ਗੱਲ ਹੁੰਦੀ ਸੀ। ਇਹ ਸਭ ਕੁਝ ਸਾਡੇ ਪੰਜਾਬੀ ਲੋਕ ਗੀਤਾਂ ਨੂੰ ਇੱਕ ਮਿਠਾਸ ਭਰੀ ਰੰਗਤ ਦੇ ਜਾਂਦੀ। ਤਦੇ ਤਾਂ ਨਣਦ ਭਰਜਾਈ ਦਾ ਪਿਆਰ ਇਨ੍ਹਾਂ ਚਰਖਿਆਂ ਰਾਹੀਂ ਬੋਲ ਪੈਂਦਾ ਸੀ:

ਮੀਂਹ ਬਰਸੇ, ਬਿਜਲੀ ਕੜਕੇ
ਭਿੱਜ ਗਈਆਂ ਨਣਾਨੇ ਪੂਣੀਆਂ
ਬਾਹਰੇ ਭਿੱਜ ਗਏ ਚਰਖੇ
ਭਿੱਜ ਗਈਆਂ ਨਣਾਨੇ ਪੂਣੀਆਂ।

ਕਿਸੇ ਨਵ-ਵਿਆਹੀ ਮੁਟਿਆਰ ਦੇ ਆਪਣੇ ਪਤੀ ਨਾਲ ਪਿਆਰ ਨੂੰ ਚਰਖਾ ਵੀ ਇੰਜ ਦਰਸਾਉਂਦਾ ਜਿਵੇਂ ਉਨ੍ਹਾਂ ਦੇ ਅਦੁੱਤੀ ਪਿਆਰ ਦੀ ਗਵਾਹੀ ਭਰਦਾ ਹੋਵੇ। ਚਰਖੇ ਦੀਆਂ ਬੋਲੀਆਂ, ਗੀਤਾਂ ਰਾਹੀਂ ਚਰਖਾ ਆਪਣੇ ਆਪੇ ਬੋਲ ਪੈਂਦਾ:

ਮੇਰੇ ਚਰਖੇ ਦੀ ਟੁੱਟ ਗਈ ਮਾਲ੍ਹ, ਦੱਸ ਚੰਨ ਕੱਤਾਂ ਕਿ ਨਾ?

ਕਈ ਵਾਰ ਉਹ ਮੁਟਿਆਰ ਆਪਣੇ ਪੇਕਿਆਂ ਵੱਲੋਂ ਦਿੱਤੇ ਚਰਖੇ ਦੀ ਗੱਲ ਕਰਦਿਆਂ ਹੋਇਆਂ ਆਪਣੇ ਚੰਨ ਮਾਹੀ ਨੂੰ ਵੀ ਕੁਝ ਨਵਾਂ ਬਣਵਾਉਣ ਲਈ ਕਹਿ ਜਾਂਦੀ:

ਮਾਂ ਮੇਰੀ ਨੇ ਚਰਖਾ ਦਿੱਤਾ, ਪੀੜ੍ਹੀ ਬਣਵਾ ਦੇ ਤੂੰ
ਮੈਂ ਸਾਰੀ ਰਾਤ ਕੱਤਿਆ ਕਰੂੰ, ਕਤਿਆ ਕਰੂੰ ਤੇਰੀ ਰੂੰ।

ਸਾਡੇ ਸਮਾਜਿਕ ਜੀਵਨ ਵਿੱਚ ਚਰਖੇ ਦੀ ਬਹੁਤ ਮਹੱਤਤਾ ਰਹੀ ਹੈ। ਇਸੇ ਲਈ ਜਦੋਂ ਕਿਸੇ ਮੁਟਿਆਰ ਦਾ ਵਿਆਹ ਹੁੰਦਾ ਤਾਂ ਉਸ ਦਾ ਆਪਣੇ ਘਰਦਿਆਂ ਪ੍ਰਤੀ ਪਿਆਰ ਵੀ ਉਮੜ ਪੈਂਦਾ ਅਤੇ ਡੋਲਾ ਤੋਰਨ ਸਮੇਂ ਪਿਤਾ ਦੀ ਮਜਬੂਰੀ ਅਤੇ ਦਰਦ ਨੂੰ ਚਰਖੇ ਨਾਲ ਸੰਬੋਧਿਤ ਕੀਤਾ ਜਾਂਦਾ:

ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ
ਬਾਬਲ ਚਰਖਾ ਕੌਣ ਕੱਤੂ
ਮੇਰੀਆਂ ਕੱਤਣ ਪੋਤਰੀਆਂ
ਧੀਏ ਘਰ ਜਾਹ ਆਪਣੇ।

ਇਸੇ ਤਰ੍ਹਾਂ ਕਿਸੇ ਵੀ ਮੁਟਿਆਰ ਨੂੰ ਆਪਣੇ ਸਹੁਰੇ ਪਰਿਵਾਰ ਵਿੱਚ ਆਪਣੇ ਪੇਕਿਆਂ ਦੇ ਪਰਿਵਾਰ ਦੀ ਸਦਾ ਯਾਦ ਆਉਂਦੀ ਹੀ ਰਹਿੰਦੀ ਹੈ ਤਾਂ ਉਸ ਨੂੰ ਆਪਣੇ ਭਰਾਵਾਂ ਅਤੇ ਭਤੀਜਿਆਂ ਦਾ ਪਿਆਰ ਸਦਾ ਯਾਦ ਆਉਂਦਾ ਹੈ ਅਤੇ ਉਹ ਚਰਖਾ ਕੱਤਦੀ ਹੋਈ ਕਹਿ ਹੀ ਦਿੰਦੀ ਹੈ:

ਜੱਗ ਜਿਉਣ ਨੀਂ ਭਤੀਜੇ ਮੇਰੇ, ਕੱਤਦੀ ਦੀ ਨੂੰ ਆ ਮਿਲਦੇ।

ਇਸ ਤਰ੍ਹਾਂ ਪੰਜਾਬੀ ਸੱਭਿਆਚਾਰ, ਖਾਸ ਕਰਕੇ ਪਿੰਡਾਂ ਦੇ ਤਿੰਝਣ ਦੇ ਦ੍ਰਿਸ਼ ਬਹੁਤ ਦਿਲ-ਖਿੱਚਵੇਂ ਹੁੰਦੇ ਸਨ ਅਤੇ ਪਿੰਡਾਂ ਵਿੱਚ ਪੈਂਦੀਆਂ ਚਰਖਿਆਂ ਦੀਆਂ ਘੂਕਾਂ, ਪੰਜਾਬੀ ਵਾਤਾਵਰਨ ਨੂੰ ਸੰਗੀਤ ਮਈ ਬਣਾ ਦਿੰਦੀਆਂ ਸਨ। ਚਰਖਿਆਂ ਦੀ ਘੂਕ ਇੰਨੀ ਮਤਵਾਲੀ ਹੁੰਦੀ ਸੀ ਕਿ ਕਿਹਾ ਜਾਂਦਾ ਹੈ ਕਿ ਇਸ ਘੂਕ ਦਾ ਆਨੰਦ ਲੈਣ ਲਈ ਜੋਗੀ ਲੋਕ ਵੀ ਪਹਾੜਾਂ ਵਿੱਚੋਂ ਉਤਰ ਆਉਂਦੇ ਸਨ ਤਾਂ ਹੀ ਕਿਹਾ ਜਾਂਦਾ ਸੀ:

ਜੋਗੀ ਉਤਰ ਪਹਾੜੋਂ ਆਏ, ਚਰਖੇ ਦੀ ਘੂਕ ਸੁਣਕੇ।

ਇਸ ਤਰ੍ਹਾਂ ਇਹ ਚਰਖਾ ਜਿੱਥੇ ਪੰਜਾਬੀ ਵਿਰਸੇ ਦੀ ਅਦਭੁੱਤ ਦੇਣ ਰਿਹਾ ਹੈ, ਉੱਥੇ ਹੀ ਇਸ ਨੇ ਸੱਭਿਆਚਾਰਕ, ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿੱਚ ਵੀ ਧੁੰਮ ਮਚਾ ਰੱਖੀ ਹੈ। ਅੰਗਰੇਜ਼ਾਂ ਦੀ ਗੁਲਾਮੀ ਸਮੇਂ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲਈ ਜਾਗਰੂਕ ਕਰਨ ਲਈ ਮਹਾਤਮਾ ਗਾਂਧੀ ਨੇ ਚਰਖੇ ਨੂੰ ਹਥਿਆਰ ਬਣਾਇਆ ਸੀ। ਓਦੋਂ ਚਰਖਾ ਹਰ ਘਰ ਦੀ ਜ਼ਰੂਰਤ ਅਤੇ ਪੇਂਡੂ ਦਿੱਖ ਦੀ ਬੇਮਿਸਾਲ ਵਸਤੂ ਸੀ। ਕੱਪੜਾ ਹਰ ਪ੍ਰਾਣੀ ਦੇ ਤਨ ਢੱਕਣ ਦੀ ਜ਼ਰੂਰਤ ਹੈ ਅਤੇ ਕੱਪੜਾ ਬਣਾਉਣ ਲਈ ਸੂਤ ਤਿਆਰ ਕਰਨ ਦਾ ਇੱਕੋ ਜ਼ਰੀਆ ਸੀ ਚਰਖਾ। ਇਸੇ ਕਰਕੇ ਮੁਟਿਆਰਾਂ ਆਪਣੇ ਦਾਜ ਲਈ ਰੰਗੀਨ ਚਰਖਿਆਂ ਨੂੰ ਖਾਸ ਸਥਾਨ ਦਿੰਦੀਆਂ ਸਨ। ਅੱਜ ਸਾਡੇ ਕੋਲੋਂ ਚਰਖਾ ਵਿਸਰ ਗਿਆ ਅਤੇ ਅਜੋਕੀਆਂ ਮੁਟਿਆਰਾਂ ਚਰਖਿਆਂ ਤੋਂ ਕਿਤੇ ਦੂਰ ਚਲੀਆਂ ਗਈਆਂ ਹਨ, ਪਰ ਚਰਖੇ ਦੀ ਪੰਜਾਬੀ ਸੱਭਿਆਚਾਰ ਉੱਤੇ ਅਮਿੱਟ ਛਾਪ ਬਣੀ ਰਹੇਗੀ।

# ਦਸ ਕਦਮ ਪੁੱਟੋ, ਖ਼ੁਸ਼ੀ ਦਾ ਖ਼ਜ਼ਾਨਾ ਲੁੱਟੋ

–ਪ੍ਰੋ. ਅੱਛਰੂ ਸਿੰਘ

ਸੰਸਾਰ ਵਿੱਚ ਹਰ ਵਿਅਕਤੀ ਖ਼ੁਸ਼ੀ ਪ੍ਰਾਪਤ ਕਰਨੀ ਚਾਹੁੰਦਾ ਹੈ, ਖ਼ੁਸ਼ੀ ਮਾਨਣੀ ਚਾਹੁੰਦਾ ਹੈ ਅਤੇ ਸਦਾ ਖ਼ੁਸ਼ ਰਹਿਣਾ ਚਾਹੁੰਦਾ ਹੈ। ਪ੍ਰਸ਼ਨ ਹੈ ਕਿ ਖ਼ੁਸ਼ੀ ਪ੍ਰਾਪਤ ਕਿਵੇਂ ਹੋਵੇ? ਗੁਰੂ ਅਰਜਨ ਦੇਵ ਜੀ ਦਾ ਅਨਮੋਲ ਬਚਨ ਹੈ:‘ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥’ ਨਿਰਸੰਦੇਹ, ਸਤਿਗੁਰ ਦੀ ਮਿਹਰ ਬਿਨਾਂ ਜੀਵਨ ਵਿੱਚ ਨਾ ਪ੍ਰਾਪਤੀ ਹੁੰਦੀ ਹੈ ਤੇ ਨਾ ਮਨੁੱਖ ਨੂੰ ਕੋਈ ਖ਼ੁਸ਼ੀ ਮਿਲ ਸਕਦੀ ਹੈ, ਪਰ ਇਸ ਦਾ ਭਾਵ ਇਹ ਬਿਲਕੁਲ ਨਹੀਂ ਲੈਣਾ ਚਾਹੀਦਾ ਕਿ ਮਨੁੱਖ ਹੱਥ ’ਤੇ ਹੱਥ ਧਰ ਕੇ ਬੈਠਾ ਅਤੇ ਸਤਿਗੁਰ ਦੀ ਸਵੱਲੀ ਨਜ਼ਰ ਦੀ ਉਡੀਕ ਕਰਦਾ ਰਹੇ।ਗੁਰਬਾਣੀ ਜਾਂ ਕੋਈ ਹੋਰ ਮਹਾਪੁਰਖ ਮਨੁੱਖ ਨੂੰ ਵਿਹਲਾ ਬੈਠਣ ਜਾਂ ਆਪਣੇ ਆਚਾਰ-ਵਿਹਾਰ ਬਾਰੇ ਅਵੇਸਲਾ ਹੋਣ ਦੀ ਸਿੱਖਿਆ ਨਹੀਂ ਦਿੰਦਾ। ਇਹ ਮਨੁੱਖ ਨੂੰ ਹਮੇਸ਼ਾ ਕਾਰਜਸ਼ੀਲ ਰਹਿਣ, ਸੱਚੀ-ਸੁੱਚੀ ਕਿਰਤ ਕਰਨ, ਸਾਫ਼-ਸੁਥਰਾ ਜੀਵਨ ਬਤੀਤ ਕਰਨ, ਲੋੜਵੰਦਾਂ ਦੀ ਸਹਾਇਤਾ ਕਰਨ, ਸਰਬੱਤ ਦਾ ਭਲਾ ਲੋਚਣ ਤੇ ਨਾਮ-ਸਿਮਰਨ ਵਿੱਚ ਲੱਗੇ ਰਹਿਣ ਦੀ ਪ੍ਰੇਰਨਾ ਦਿੰਦੇ ਹਨ। ਜੀਵਨ ਵਿੱਚ ਖ਼ੁਸ਼ ਰਹਿਣ ਦੀ ਇੱਛਾ ਰੱਖਣ ਵਾਲੇ ਵਿਅਕਤੀਆਂ ਲਈ ਨਿਮਨ ਦਸ ਕਦਮ ਸੁਝਾਏ ਜਾ ਰਹੇ ਹਨ, ਜਿਨ੍ਹਾਂ ਰਾਹੀਂ ਉਹ ਅਵੱਸ਼ ਸਤਿਗੁਰ ਦੀ ਨਦਰਿ ਦੇ ਭਾਗੀ ਹੋ ਸਕਦੇ ਹਨ, ਅਰਥਾਤ ਖ਼ੁਸ਼ੀਆਂ ਦੇ ਸਾਗਰ ਵਿੱਚ ਤਾਰੀਆਂ ਲਾ ਸਕਦੇ ਹਨ।
ਖ਼ੁਸ਼ੀ ਦੇ ਖ਼ਜ਼ਾਨੇ ਵੱਲ ਪਹਿਲਾ ਕਦਮ ਇਹ ਮੰਨਣਾ ਹੈ ਕਿ ਖ਼ੁਸ਼ੀ ਬਾਹਰੀ ਸ਼ੈਅ ਨਹੀਂ, ਇਸ ਦਾ ਸਬੰਧ ਮਨ ਨਾਲ ਹੈ। ਬਾਹਰੀ ਵਸਤਾਂ ਸਾਨੂੰ ਸੁਖ-ਆਰਾਮ ਦੇ ਸਕਦੀਆਂ ਹਨ, ਖ਼ੁਸ਼ੀ ਨਹੀਂ। ਨਿਰਸੰਦੇਹ ਸਾਡੀ ਸਿਹਤ, ਪਰਿਵਾਰਕ ਸਥਿਤੀ, ਆਰਥਿਕ ਹਾਲਤ ਅਤੇ ਆਲੇ-ਦੁਆਲੇ ਦੇ ਹਾਲਾਤ ਬਹੁਤ ਹੱਦ ਤੱਕ ਖ਼ੁਸ਼ੀ ਨੂੰ ਪ੍ਰਭਾਵਿਤ ਕਰਦੇ ਹਨ, ਪਰ ਅਸੀਂ ਜੀਵਨ ਵਿੱਚ ਬਹੁਤ ਸਾਰੇ ਲੋਕ ਅਜਿਹੇ ਦੇਖ ਸਕਦੇ ਹਾਂ, ਜੋ ਜੀਵਨ ਦੀ ਹਰ ਦੁਸ਼ਵਾਰੀ ਤੇ ਤੰਗੀ-ਤੁਰਸ਼ੀ ਦੇ ਬਾਵਜੂਦ ਪੂਰਨ ਰੂਪ ਵਿੱਚ ਸੰਤੁਸ਼ਟ ਤੇ ਖ਼ੁਸ਼ੀ ਭਰਿਆ ਜੀਵਨ ਗੁਜ਼ਾਰਦੇ ਹਨ।ਦੂਜੇ ਪਾਸੇ ਬਹੁਤ ਸਾਰੇ ਲੋਕ ਅਜਿਹੇ ਹੁੰਦੇ ਹਨ, ਜੋ ਸਭ ਠੀਕ ਹੋਣ ਦੇ ਬਾਵਜੂਦ ਖ਼ੁਸ਼ ਨਹੀਂ। ਉਹ ਖ਼ੁਸ਼ੀ ਨੂੰ ਬਾਹਰੀ ਵਸਤਾਂ ਵਿੱਚੋਂ ਲੱਭਦੇ ਹਨ, ਜਦਕਿ ਇਸ ਦੀ ਪ੍ਰਾਪਤੀ ਲਈ ਮਨੁੱਖ ਨੂੰ ਆਪਣੇ ਅੰਦਰਦੇਖਣਾ ਪੈਂਦਾ ਹੈ। ਸਮਝਣ ਵਾਲੀ ਗੱਲ ਹੈ ਕਿ ਮਨ ਕੰਡਿਆਂ ਨੂੰ ਫੁੱਲ, ਪਤਝੜ ਨੂੰ ਬਹਾਰ ਤੇ ਨਰਕ ਨੂੰ ਸਵਰਗ ਬਣਾਉਣ ਦੀ ਸ਼ਕਤੀ ਰੱਖਦਾ ਹੈ। ਜਿਸ ਵਿਅਕਤੀ ਨੇ ਇਸ ਤੱਥ ਨੂੰ ਸਮਝ ਕੇ ਆਪਣੇ ਮਨ ਨੂੰ ਇੱਕ ਵਾਰ ਖ਼ੁਸ਼ੀ ਦੇ ਮਾਰਗ ’ਤੇ ਤੋਰ ਲਿਆ, ਫਿਰ ਇਸ ਮਾਰਗ ’ਤੇ ਚੱਲਦਾ ਰਹਿੰਦਾ ਹੈ। ਖ਼ੁਸ਼ੀ ਨੂੰ ਪ੍ਰਾਪਤ ਕਰਨ ਅਤੇ ਮਾਣਨ ਲਈ ਸਭ ਤੋਂ ਪਹਿਲਾਂ ਮਨੁੱਖ ਨੂੰ ਆਪਣੀ ਸੋਚ ਅਤੇ ਜੀਵਨ ਪ੍ਰਤੀ ਪਹੁੰਚ ਨੂੰ ਸਹੀ ਦਿਸ਼ਾ ਦੇਣ ਦੀ ਲੋੜ ਹੈ।
ਖ਼ੁਸ਼ੀ ਦੇ ਮਾਰਗ ਦਾ ਅਗਲਾ ਕਦਮ ਹਾਂ-ਪੱਖੀ ਸੋਚ ਹੈ। ਇਸ ਤੋਂ ਹਾਂ-ਪੱਖੀ ਵਿਹਾਰ ਉਪਜਦਾ ਹੈ, ਜਿਹੜਾ ਮਨੁੱਖ ਨੂੰ ਅਸਫਲਤਾਵਾਂ ਵਿੱਚੋਂ ਸਫਲਤਾਵਾਂ, ਸਮੱਸਿਆਵਾਂ ਵਿੱਚੋਂ ਮੌਕੇ ਤੇ ਹਨੇਰੀਆਂ ਰਾਤਾਂ ਵਿੱਚੋਂ ਚਾਨਣ ਦੀਆਂ ਰਿਸ਼ਮਾਂ ਲੱਭਣ ਦੇ ਯੋਗ ਬਣਾਉਂਦਾ ਹੈ। ਅਜਿਹੀ ਸੋਚ ਨਾਲ ਮਨੁੱਖ ਆਪਣੇ ਜੀਵਨ ਨੂੰ ਮਾਣ ਸਕਦਾ ਤੇ ਹਰ ਦੁਸ਼ਵਾਰੀ ਨਾਲ ਸਿੱਝ ਸਕਦਾ ਹੈ। ਹਾਂ-ਪੱਖੀ ਸੋਚ ਨਾਲ ਮਨੁੱਖ ਨੂੰ ਸਭ ਕੁਝ ਚੰਗਾ-ਚੰਗਾ, ਭਰਿਆ-ਭਰਿਆ ਅਤੇ ਪਿਆਰਾ ਲੱਗਦਾ ਹੈ।ਖ਼ੁਸ਼ੀ ਦਾ ਤੀਜਾ ਕਦਮ ਮਿਹਨਤ ਦੀ ਆਦਤ ਹੈ। ਇਸ ਦਾ ਕੋਈ ਬਦਲ ਨਹੀਂ। ਇਹ ਸਫਲਤਾ ਦੀ ਕੁੰਜੀ, ਸਿਹਤ ਦਾ ਮੰਤਰ ਅਤੇ ਖ਼ੁਸ਼ੀ ਦਾ ਰਾਜ਼ ਹੈ। ਵਿਹਲਾ ਮਨੁੱਖ ਦੂਜਿਆਂ ਉੱਪਰ ਤੇ ਆਪਣੇ ਆਪ ਉੱਪਰਬੋਝ ਹੁੰਦਾ ਹੈ। ਜੋ ਮਿਹਨਤ ਕਰਦੇ ਹਨ, ਸਫਲਤਾ ਉਨ੍ਹਾਂ ਦੇ ਪੈਰ ਚੁੰਮਦੀ ਹੈ ਅਤੇ ਖ਼ੁਸ਼ੀ ਉਨ੍ਹਾਂ ਨੂੰ ਹਮੇਸ਼ਾ ਆਪਣੇ ਕਲਾਵੇ ਵਿੱਚ ਰੱਖਦੀ ਹੈ। ਮਿਹਨਤ ਨਾਲ ਪ੍ਰਾਪਤ ਕੀਤੀ ਵਸਤੂ ਵਿੱਚ ਬਰਕਤ ਹੁੰਦੀ ਹੈ ਅਤੇ ਮਨੁੱਖ ਨੂੰ ਵਫ਼ਾ ਦੇ ਨਾਲ ਉਸ ਨੂੰ ਨਿਵੇਕਲੀ ਤਸੱਲੀ ਅਤੇ ਸਕੂਨ ਦੇਂਦੀ ਹੈ। ਮਿਹਨਤ ਕਰਦਿਆਂ ਸਮਾਂ ਕਦ ਗੁਜ਼ਰ ਜਾਂਦਾ ਹੈ, ਪਤਾ ਨਹੀਂ ਲੱਗਦਾ। ਕਿਸੇ ਨੂੰ ਵਿਹਲਾ ਰੱਖਣਾ, ਉਸ ਨੂੰ ਸਜ਼ਾ ਦੇਣ ਵਾਂਗ ਹੈ। ਵਿਹਲ ਆਲਸ ਨੂੰ ਜਨਮ ਦਿੰਦਾ ਹੈ ਅਤੇ ਇਸ ਨਾਲ ਜਿੱਥੇ ਸਰੀਰਕ ਸਿਹਤ ਵਿਗੜਦੀ ਹੈ, ਉੱਥੇ ਮਨੋਬਲ ਨੀਵਾਂ ਹੁੰਦਾ ਅਤੇ ਸਮਾਜ ਵਿੱਚ ਰੁਤਬੇ ਨੂੰ ਠੇਸ ਪਹੁੰਚਦੀ ਹੈ। ਕੰਮ ਕਰਦਿਆਂ ਥੋੜ੍ਹੀ ਜਿਹੀ ਵਿਹਲ ਲੈ ਲੈਣੀ, ਆਪਸ ਵਿੱਚ ਹੱਸ-ਖੇਡ ਲੈਣਾ ਜਾਂ ਕੋਈ ਸਿਹਤਮੰਦ ਮਨੋਰੰਜਨ ਕਰਨਾ ਬੁਰਾ ਨਹੀਂ ਅਤੇ ਨਾ ਉਹ ਵਿਹਲੜਪੁਣਾ ਕਿਹਾ ਜਾ ਸਕਦਾ ਹੈ।
ਮਨੁੱਖ ਲਈ ਸੋਹਣਾ, ਵੱਡਾ ਤੇ ਅਮੀਰ ਹੋਣ ਨਾਲੋਂ ਚੰਗਾ ਹੋਣਾ ਵਧੇਰੇ ਮਹੱਤਵਪੂਰਨ ਹੈ। ਸੱਚੀ ਖ਼ੁਸ਼ੀ ਨਾ ਸੁਹੱਪਣ ਵਿੱਚ ਹੈ, ਨਾ ਅਮੀਰੀ, ਨਾ ਦੁਨਿਆਵੀ ਵਡੱਪਣ ਵਿੱਚ ਹੈ। ਇਹ ਮਨੁੱਖ ਨੂੰ ਚੰਗਾ ਬਣਨ ਨਾਲ ਮਿਲਦੀ ਹੈ। ਚੰਗੇ ਬਣਨ ਲਈ ਮਨ ਵਿੱਚ ਚੰਗੇ ਵਿਚਾਰ ਲਿਆਉਣੇ ਪੈਣਗੇ, ਜ਼ੁਬਾਨ ਤੋਂ ਚੰਗੇ ਸ਼ਬਦ ਬੋਲਣੇ ਪੈਣਗੇ, ਹੱਥੀਂ ਚੰਗੇ ਕਾਰਜ ਕਰਨੇ ਤੇ ਲੋਕਾਂ ਵਿੱਚ ਖ਼ੁਸ਼ੀ ਵੰਡਣੀ ਪਵੇਗੀ। ਇਸ ਨਾਲ ਮਨ ਸ਼ਾਂਤ ਰਹੇਗਾ, ਸਿਹਤ ਠੀਕ ਤੇ ਜੱਗ ਸ਼ੋਭਾ ਕਰੇਗਾ। ਚੰਗੇ ਬਣਨ ਲਈ ਚੰਗੀ ਸੰਗਤ ਰੱਖਣੀ ਚਾਹੀਦੀ ਹੈ, ਚੰਗਾ ਮਨੋਰੰਜਨ ਕਰਨਾ ਤੇ ਚੰਗਾ ਸਾਹਿਤ ਪੜ੍ਹਨਾ ਚਾਹੀਦਾ ਹੈ, ਚੰਗੇ ਬੰਦਿਆਂ ਦੀ ਰੀਸ ਕਰਨੀ ਚਾਹੀਦੀ ਤੇ ਆਪਣੇ ਆਲ਼ੇ-ਦੁਆਲ਼ੇ ਚੰਗਾ ਵਾਤਾਵਰਨ ਸਿਰਜਣਾ ਚਾਹੀਦਾ ਹੈ। ਕਿਸੇ ਦਾ ਆਪਣਾ ਬਣਨਾ ਚਾਹੀਦਾ ਹੈ ਅਤੇ ਕਿਸੇ ਨੂੰ ਆਪਣਾ ਬਣਾਉਣਾ ਚਾਹੀਦਾ ਹੈ, ਜਿਸ ਨਾਲ ਅਸੀਂ ਆਪਣੇ ਦੁੱਖ-ਸੁੱਖ ਸਾਂਝੇ ਕਰ ਸਕੀਏ।
ਖ਼ੁਸ਼ੀ ਦੇ ਮਾਰਗ ’ਤੇ ਚੱਲਣ ਅਤੇ ਚੱਲਦੇ ਰਹਿਣ ਲਈ ਅਨੁਸ਼ਾਸਨ ਬਹੁਤ ਜ਼ਰੂਰੀ ਹੈ। ਕੁਝ ਲੋਕ ਅਨੁਸ਼ਾਸਨ ਨੂੰ ਆਪਣੀ ਸੁਤੰਤਰਤਾ ਉੱਪਰ ਪਾਬੰਦੀ ਤੇ ਖ਼ੁਸ਼ੀ ਦੇ ਰਾਹ ਦੀ ਰੁਕਾਵਟ ਸਮਝਦੇ ਹਨ, ਜੋ ਸਰਾਸਰ ਗ਼ਲਤ ਹੈ। ਖੇਤ ਦੁਆਲੇ ਕੀਤੀ ਵਾੜ ਖੇਤ ਵਿੱਚ ਬੀਜੀ ਫ਼ਸਲ ਦੀ ਹਿਫ਼ਾਜ਼ਤ ਲਈ ਹੁੰਦੀ ਹੈ, ਉਸ ਦੀ ਸੁਤੰਤਰਤਾ ਘੱਟ ਕਰਨ ਲਈ ਨਹੀਂ। ਇਸੇ ਤਰ੍ਹਾਂ ਸੜਕ ’ਤੇ ਚੱਲਦੇ ਹੋਏ ਸੜਕੀ ਨਿਯਮਾਂ ਦੀ ਪਾਲਣਾ ਕਰਨ ਨਾਲ ਸਾਡੀ ਸੜਕ ’ਤੇ ਚੱਲਣ ਦੀ ਅਜ਼ਾਦੀ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੁੰਦੀ, ਸਗੋਂ ਇਨ੍ਹਾਂ ਤੋਂ ਬਗ਼ੈਰ ਇਹ ਆਜ਼ਾਦੀ ਸੰਭਵ ਨਹੀਂ ਹੋ ਸਕਦੀ। ਅਨੁਸ਼ਾਸਨਹੀਣ ਜੀਵਨ ਕਦੀ ਵੀ ਖ਼ੁਸ਼ੀਜਨਕ ਅਤੇ ਸੁਖਦਾਇਕ ਨਹੀਂ ਹੋ ਸਕਦਾ। ਆਪਣੇ ਜੀਵਨ ਨੂੰ ਹਮੇਸ਼ਾ ਅਨੁਸ਼ਾਸਿਤ, ਨਿਯਮਤ ਅਤੇ ਮਰਿਆਦਾ ਵਿੱਚ ਰੱਖੋ। ਇਹ ਵੀ ਚੇਤੇ ਰੱਖੋ ਕਿ ਅਨੁਸ਼ਾਸਨ ਦੀ ਸਭ ਤੋਂ ਵਧੀਆ ਕਿਸਮ ਸਵੈ-ਅਨੁਸ਼ਾਸਨ ਹੁੰਦਾ ਹੈ, ਨਾ ਕਿ ਕਿਸੇ ਸਜ਼ਾ ਜਾਂ ਜ਼ੁਰਮਾਨੇ ਦੇ ਡਰ ਕਾਰਨ ਅਪਣਾਇਆ ਗਿਆ ਅਨੁਸ਼ਾਸਨ।
ਖ਼ੁਸ਼ੀ ਦੇ ਮਾਰਗ ਦਾ ਛੇਵਾਂ ਕਦਮ ਹਮੇਸ਼ਾ ਸਹਿਜ ਅਵਸਥਾ ਅਤੇ ਚੜ੍ਹਦੀ ਕਲਾ ਵਿੱਚ ਰਹਿਣਾ ਹੈ। ਮਨੁੱਖੀ ਜੀਵਨ ਦੁੱਖਾਂ ਤੇ ਸੁੱਖਾਂ, ਖ਼ੁਸ਼ੀਆਂ ਅਤੇ ਗ਼ਮੀਆਂ, ਲਾਭਾਂ ਅਤੇ ਨੁਕਸਾਨਾਂ, ਮਾਨਾਂ ਅਤੇ ਅਪਮਾਨਾਂ, ਸਫਲਤਾਵਾਂ ਅਤੇ ਅਸਫਲਤਾਵਾਂ ਦਾ ਸੁਮੇਲ ਹੈ। ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਨੂੰ ਧੁੱਪ-ਛਾਂ ਅਤੇ ਦਿਨ-ਰਾਤ ਵਾਂਗ ਹੀ ਸਮਝੀਏ : ਨਾ ਸੁੱਖ ਵਿੱਚ ਲੋੜੋਂ ਵੱਧ ਉਤੇਜਿਤ ਹੋਈਏ ਅਤੇ ਨਾ ਦੁੱਖ ਸਮੇਂ ਢੇਰੀ ਢਾਹ ਕੇ ਬੈਠੀਏ, ਹਰ ਸਮੇਂ ਸਹਿਜ ਅਵਸਥਾ ਤੇ ਚੜ੍ਹਦੀ ਕਲਾ ਵਿੱਚ ਰਹੀਏ, ਚਿੰਤਾ ਤੇ ਤਣਾਅ ਤੋਂ ਮੁਕਤ ਰਹੀਏ, ਹਮੇਸ਼ਾ ਸੰਤੁਲਿਤ ਪਹੁੰਚ ਅਪਣਾਈਏ ਤੇ ਜੀਵਨ ਦੇ ਹਰ ਰੰਗ ਨੂੰ ਸਮਾਨ ਸਮਝੀਏ। ਅੱਤ, ਭਾਵੇਂ ਉਹ ਕਿਸੇ ਵੀ ਰੂਪ ਵਿੱਚ ਹੋਵੇ, ਹਮੇਸ਼ਾ ਸਮੱਸਿਆਵਾਂ ਅਤੇ ਉਲਝਣਾਂ ਹੀ ਪੈਦਾ ਕਰਦੀ ਹੈ।
ਗੁਰੂ ਨਾਨਕ ਸਾਹਿਬ ਦਾ ਕਥਨ ਹੈ: ਮਨਿ ਜੀਤੈ ਜਗੁ ਜੀਤੁ॥ ਇਸ ਦਾ ਭਾਵ ਹੈ ਕਿ ਮਨ ਨੂੰ ਜਿੱਤਣਾ ਪੂਰੇ ਸੰਸਾਰ ਨੂੰ ਜਿੱਤਣ ਬਰਾਬਰ ਹੈ। ਜਿਸ ਦਾ ਮਨ ਆਪਣੇ ਕਾਬੂ ਵਿੱਚ ਨਹੀਂ, ਇੱਧਰ-ਉੱਧਰ ਭਟਕਦਾ ਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ ਤੇ ਬਦਲੇ ਦੀ ਭਾਵਨਾ ਆਦਿ ਦਾ ਸ਼ਿਕਾਰ ਹੈ, ਉਹ ਕਦੀ ਵੀ ਖ਼ੁਸ਼ ਨਹੀਂ ਰਹਿ ਸਕਦਾ। ਹਰ ਮਨੁੱਖ ਲਈ ਜ਼ਰੂਰੀ ਹੈ ਕਿ ਆਪਣੇ ਮਨ ਨੂੰ ਕਾਬੂ ਵਿੱਚ ਰੱਖ ਕੇ ਗ਼ਲਤ ਸੋਚ ਛੱਡੇ ਅਤੇ ਸਹੀ ਸੋਚ ਅਪਣਾਵੇ, ਸੱਚਾ-ਸੁੱਚਾ ਜੀਵਨ ਬਤੀਤ ਕਰੇ, ਸਬਰ-ਸੰਤੋਖ ਦੀ ਨੀਤੀ ਧਾਰਨ ਕਰੇ, ਕਦੀ ਵੀ ਨਿਮਰਤਾ ਦਾ ਪੱਲਾ ਨਾ ਛੱਡੇ ਅਤੇ ਕੁਝ ਸਮਾਂ ਸਮਾਜ-ਸੇਵਾ ਦੇ ਕਾਰਜਾਂ ਵਿੱਚ ਜ਼ਰੂਰ ਲਾਵੇ। ਨਿਰਸਵਾਰਥ ਸੇਵਾ ਆਪਣੇ ਆਪ ਵਿੱਚ ਹੀ ਖ਼ੁਸ਼ੀ ਦਾ ਇੱਕ ਬਹੁਤ ਵੱਡਾ ਸੋਮਾ ਹੈ।
ਮਨੁੱਖ ਇੱਕ ਸਮਾਜਿਕ ਜੀਵ ਹੈ ਤੇ ਜੀਵਨ ਵਿੱਚ ਖ਼ੁਸ਼ੀ ਪ੍ਰਾਪਤ ਕਰਨ ਲਈ ਸੱਭਿਅਕ ਸਮਾਜ ਦੇ ਹਰ ਨਿਯਮ ਦਾ ਪਾਲਣ ਕਰਨਾ ਤੇ ਇਸ ਨਾਲ ਹਮੇਸ਼ਾ ਇਕਸੁਰਤਾ ਕਾਇਮ ਰੱਖਣ ਦਾ ਯਤਨ ਕਰਨਾ ਅਤਿ-ਜ਼ਰੂਰੀ ਹੈ। ਇਕਸੁਰਤਾ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਅਧਿਆਪਕਾਂ ਤੇ ਬਜ਼ੁਰਗਾਂ ਦਾ ਹਮੇਸ਼ਾ ਸਤਿਕਾਰ ਕਰੀਏ, ਪਰਿਵਾਰ ਵਿੱਚ ਸੁੱਖ-ਸ਼ਾਂਤੀ ਬਣਾ ਕੇ ਰੱਖੀਏ, ਹਾਣੀਆਂ ਨਾਲ ਮਿਲ-ਜੁਲ ਕੇ ਰਹੀਏ ਤੇ ਆਪ ਤੋਂ ਛੋਟਿਆਂ ਨਾਲ ਪਿਆਰ ਕਰੀਏ। ਸਾਡੇ ਮਾਤਾ-ਪਿਤਾ ਸਾਨੂੰ ਜੀਵਨ-ਦਾਤ ਬਖ਼ਸ਼ਦੇ ਹਨ, ਅਧਿਆਪਕ ਜੀਵਨ-ਜਾਚ ਸਿਖਾਉਂਦੇ ਹਨ, ਰਿਸ਼ਤੇਦਾਰ ਤੇ ਪਰਿਵਾਰ ਵਾਲੇ ਸਾਡੀ ਵਿਰਾਸਤ ਹਨ, ਦੋਸਤ-ਮਿੱਤਰ ਤੇ ਸਹਿਕਰਮੀ ਸਾਡਾ ਸਹਾਰਾ ਹਨ ਤੇ ਬੱਚੇ ਸਾਡਾ ਭਵਿੱਖ ਹਨ। ਇਨ੍ਹਾਂ ਸਭ ਦਾ ਸਾਡੇ ਜੀਵਨ ਵਿੱਚ ਬੜਾ ਅਹਿਮ ਯੋਗਦਾਨ ਹੁੰਦਾ ਹੈ ਅਤੇ ਕੋਈ ਮਨੁੱਖ ਇਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਇਨ੍ਹਾਂ ਵਿੱਚੋਂ ਕਿਸੇ ਦਾ ਵੀ ਨੁਕਸਾਨ ਜਾਂ ਅਪਮਾਨ ਕਰਨ ਵਾਲਾ ਵਿਅਕਤੀ ਸੁਖ ਨਹੀਂ ਪਾ ਸਕਦਾ। ਰਿਸ਼ਤਿਆਂ ਵਿੱਚ ਨਿੱਘ ਭਰਨ ਤੇ ਰਿਸ਼ਤਿਆਂ ਦਾ ਨਿੱਘ ਮਾਣਨ ਵਾਲਾ ਵਿਅਕਤੀ ਕਦੀ ਵੀ ਇਕੱਲਾ, ਉਦਾਸ ਜਾਂ ਨਿਰਾਸ਼ ਮਹਿਸੂਸ ਨਹੀਂ ਕਰਦਾ।
ਆਪਣੀਆਂ ਲੋੜਾਂ ਤੇ ਇੱਛਾਵਾਂ ਨੂੰ ਸੀਮਤ ਕਰੀਏ। ਮਨੁੱਖੀ ਦੁੱਖਾਂ ਦਾਬਹੁਤ ਵੱਡਾ ਕਾਰਨ ਉਸ ਦੀਆਂ ਅਸੀਮ ਤੇ ਅਪੂਰਤ ਲੋੜਾਂ ਤੇ ਇੱਛਾਵਾਂ ਨੂੰ ਮੰਨਿਆਂ ਜਾਂਦਾ ਹੈ। ਬੁਨਿਆਦੀ ਲੋੜਾਂ ਦੀ ਪੂਰਤੀ ਸਹਿਜੇ ਹੋ ਸਕਦੀ ਹੈ, ਪਰ ਜਦੋਂ ਫਜ਼ੂਲ ਹੀ ਲੋੜਾਂ ਅਤੇ ਇੱਛਾਵਾਂ ਵਿੱਚ ਵਾਧਾ ਕਰਦੇ ਹਾਂ ਤੇ ਪੂਰੀਆਂ ਨਹੀਂ ਹੁੰਦੀਆਂ ਤਾਂ ਅਸੀਂ ਬੇਚੈਨੀ, ਭਟਕਣਾ ਤੇ ਤਣਾਅ ਦਾ ਸ਼ਿਕਾਰ ਰਹਿ ਕੇ ਦੁਖੀ ਹੁੰਦੇ ਹਾਂ। ਸਾਨੂੰ ਨਾਬੀਤੇ ਬਾਰੇ ਸੋਚ ਕੇ ਦੁਖੀ ਹੁੰਦੇ ਰਹਿਣਾ ਅਤੇ ਨਾ ਭਵਿੱਖ ਬਾਰੇ ਅਕਾਰਨ ਚਿੰਤਾ ਕਰਨੀ ਚਾਹੀਦੀ ਹੈ ਸਗੋਂ ਹਮੇਸ਼ਾ ਵਰਤਮਾਨ ਵਿੱਚ ਜਿਊਣਾ ਚਾਹੀਦਾ ਹੈ। ਜੋ ਸਾਡੇ ਕੋਲ ਨਹੀਂ, ਉਸ ਲਈ ਤੜਫ਼ਣ ਅਤੇ ਭਟਕਣ ਦੀ ਬਜਾਇ ਜੋ ਸਾਡੇ ਕੋਲ ਹੈ ਉਸ ਵਿੱਚ ਖ਼ੁਸ਼ ਰਹੀਏ ਅਤੇ ਉਸ ਦਾ ਹੀ ਆਨੰਦ ਮਾਣੀਏ। ਸੋਚ ਬਾਦਸ਼ਾਹਾਂ ਵਾਲੀ ਰੱਖੀਏ ਅਤੇ ਜੀਵਨ ਗ਼ਰੀਬੀ ਵਾਲਾ ਬਤੀਤ ਕਰੀਏ।
ਅੰਤ ਵਿੱਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਹਰ ਹਾਲਤਪ੍ਰਮਾਤਮਾ ਚੇਤੇ ਰੱਖੀਏ, ਉਸ ਦਾ ਭਾਣਾ ਮੰਨੀਏ ਤੇ ਉਸ ਨੇ ਜੋ ਦਿੱਤਾ, ਉਸ ਲਈ ਉਸ ਦੇ ਸ਼ੁਕਰਗੁਜ਼ਾਰ ਰਹੀਏ। ਸਾਡੇ ਲਈ ਇਹ ਗੱਲ ਸਮਝਣੀ ਅਤਿ ਜ਼ਰੂਰੀ ਹੈ ਕਿ ਸਾਡੀ ਸੋਚ, ਸਮਝ ਤੇ ਵਿਉਂਤਬੰਦੀ ਕੇਵਲ ਇੱਕ ਹੱਦ ਤੱਕ ਅਸਰਦਾਰ ਹੋ ਸਕਦੀ ਹੈ। ਕੁਝ ਮਸਲੇ ਅਜਿਹੇ ਹੁੰਦੇ ਹਨ ਜਿਨ੍ਹਾਂ ਵਿੱਚ ਅਸੀਂ ਕੁਝ ਨਹੀਂ ਕਰ ਸਕਦੇ। ਅਜਿਹੀ ਹਾਲਤ ਵਿੱਚ ਸਭ ਕੁਝ ਰੱਬ, ਕੁਦਰਤ ਜਾਂ ਉਸ ਅਦਿੱਖ ਸ਼ਕਤੀ ’ਤੇ ਛੱਡਣਾ ਪੈਂਦਾ ਹੈ, ਜੋ ਸਾਡੀ ਸਮਝ ਤੇ ਪਹੁੰਚ ਤੋਂ ਬਿਲਕੁਲ ਬਾਹਰ ਹੈ। ਰੱਬ ਦੀ ਰਜ਼ਾ ਵਿੱਚ ਰਹਿਣ ਵਾਲੇ ਮਨੁੱਖ ਹਰ ਹਾਲਤ ਵਿੱਚ ਖ਼ੁਸ਼ ਅਤੇ ਸੰਤੁਸ਼ਟ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਕੁਝ ਉਦਾਸ, ਨਿਰਾਸ਼ ਜਾਂ ਮਾਯੂਸ ਨਹੀਂ ਕਰ ਸਕਦਾ।
ਉਪਰੋਕਤ ਸਭ ਗੱਲਾਂ ਵਿੱਚੋਂ ਇੱਕ ਵੀਅਜਿਹੀ ਨਹੀਂ, ਜਿਸ ਨੂੰ ਅਸੀਂ ਜੀਵਨ ਵਿੱਚ ਅਪਣਾ ਨਾ ਸਕਦੇ ਹੋਈਏ ਜਾਂ ਜਿਸ ਨੂੰ ਸਾਡੇ ਵਰਗੇ ਅਨੇਕ ਲੋਕਾਂ ਨੇ ਜੀਵਨ ਵਿੱਚ ਅਪਣਾਇਆ ਨਾ ਹੋਵੇ। ਲੋੜ ਕੇਵਲ ਸਹੀ ਸੋਚ ਅਪਣਾਉਣ ਤੇ ਮਨ ਪੱਕਾ ਕਰਨ ਦੀ ਹੈ। ਜੀਵਨ ਬੁਨਿਆਦੀ ਤੌਰ ’ਤੇ ਇੱਕ ਸਮਝੌਤਾ ਹੈ ਕਿਉਂਕਿ ਕਿਸੇ ਵੀ ਮਨੁੱਖ ਨੂੰ ਸਭ ਕੁਝ ਨਹੀਂ ਮਿਲ ਸਕਦਾ, ਜੋ ਦੁਨੀਆ ਵਿੱਚ ਹੈ ਜਾਂ ਜੋ ਉਹ ਚਾਹੁੰਦਾ ਹੈ। ਸੂਝਵਾਨ ਵਿਅਕਤੀ ਉਹੀ ਹੈ, ਜੋ ਉਸ ਨੂੰ ਮਿਲਿਆ, ਉਸ ਨਾਲ ਸੰਤੁਸ਼ਟ ਰਹਿੰਦਾ ਤੇ ਜੋ ਕੁਝ ਉਹ ਚਾਹੁੰਦਾ ਹੈ, ਉਸ ਲਈ ਸੁਹਿਰਦ ਯਤਨ ਕਰਦਾ ਹੈ। ਖ਼ੁਸ਼ੀ ਨਾਮ ਹੀ ਸਬਰ, ਸੰਤੋਖ, ਸੰਤੁਸ਼ਟੀ, ਸਹਿਜਤਾ ਤੇ ਜੀਵਨ ਪ੍ਰਤੀ ਸੰਤੁਲਿਤ ਪਹੁੰਚ ਦਾ ਹੈ। ਜੀਵਨ ਨੂੰ ਗ਼ਮ ਦਾ ਦਰਿਆ ਸਮਝ ਕੇ ਰੋਣ-ਕੁਰਲਾਉਣ ਦਾ ਨਹੀਂ, ਸੁਹਾਣਾ ਸਫ਼ਰ ਸਮਝ ਕੇ ਜਿਊਣ ਤੇ ਇਸ ਨੂੰ ਰੱਜ ਕੇ ਮਾਣਨ ਦਾ ਹੈ। ਚੇਤੇ ਰੱਖੋ! ਦੁਨੀਆ ਵਿੱਚ ਪ੍ਰਾਪਤ ਕਰਨ ਯੋਗ ਕੇਵਲ ਇੱਕੋ ਚੀਜ਼ ਹੈ ਅਤੇ ਉਹ ਹੈ ਖ਼ੁਸ਼ੀ। ਇਸ ਨੂੰ ਪ੍ਰਾਪਤ ਕਰਨ ਦਾ ਸਮਾਂ ਅੱਜ ਹੀ ਹੈ; ਪ੍ਰਾਪਤ ਕਰਨ ਦਾ ਸਥਾਨ ਇਹੀ ਹੈ; ਤੇ ਇਸ ਨੂੰ ਪ੍ਰਾਪਤ ਕਰਨ ਦਾ ਢੰਗ ਹਰ ਹਾਲਤਖ਼ੁਸ਼ ਰਹਿਣ ਦਾ ਤੇ ਦੂਜਿਆਂ ਨੂੰ ਖ਼ੁਸ਼ ਰੱਖਣ ਦਾ ਪੱਕਾ ਇਰਾਦਾ ਧਾਰ ਕੇ ਇਸ ਦਿਸ਼ਾ ਵਿੱਚ ਚੱਲ ਪੈਣਾ ਹੈ। ਜੇ ਤੁਸੀਂ ਇਸ ਤਰ੍ਹਾਂ ਦਾ ਇਰਾਦਾ ਧਾਰ ਲਿਆ ਤਾਂ ਕੋਈ ਲੱਖ ਯਤਨ ਕਰਕੇ ਵੀ ਤੁਹਾਨੂੰ ਖ਼ੁਸ਼ ਹੋਣ, ਖ਼ੁਸ਼ ਰਹਿਣ ਅਤੇ ਖ਼ੁਸ਼ੀ ਦੇ ਖ਼ਜ਼ਾਨੇ ਦੇ ਮਾਲਕ ਬਣਨ ਤੋਂ ਰੋਕ ਨਹੀਂ ਸਕੇਗਾ!


ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL PATIO COVERS
RAILING & GATES INSTALLATION, REPAIR & CLEANING
SERVING ALL LOWER MAINLAND / ISLAND
SPECIALIST IN:
ALUMINUM PANELS AND CLEAR GLASS OR LIGHT TINTED GLASS
WE INSTALLED PATIO COVERS AND RAILING, GATES IN REASONABLE PRICE
QUALITY WORKMANSHIP, BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com